# ਇੰਡਸ ਕਿਸਾਨ ਲਈ ਨਿਯਮ ਅਤੇ ਸ਼ਰਤਾਂ

ਇੰਡਸ ਕਿਸਾਨ ਇੱਕ ਡਾਇਰੈਕਟ ਐਗ੍ਰੀ ਫੰਡਿੰਗ ਪ੍ਰੋਡਕਟ ਹੈ ਇੰਡਸਇੰਡ ਬੈਂਕ ਦਾ। ਇਹ ਖੇਤੀ ਬਾੜੀ ਅਤੇ ਖੇਤੀ ਬਾੜੀ ਸੰਬੰਧਿਤ ਕਿਰਿਆਵਾਂ ਲਈ ਇੱਕ ਸਿੰਗਲ ਵਿੰਡੋ ਰਾਹੀਂ ਕਿਸਾਨਾਂ ਦੀਆਂ ਛੋਟੀ-ਮਿਆਦ ਅਤੇ ਲੰਬੀ ਮਿਆਦ ਕ੍ਰੈਡਿਟ ਲੋੜਾਂ ਦੀ ਪੂਰਤੀ ਕਰੇਗਾ। ਖੇਤੀ ਬਾੜੀ ਲਈ ਉਪਲਬਧ ਜ਼ਮੀਨ ਅਤੇ ਨਿਵੇਸ਼ ਦੀਆਂ ਲੋੜਾਂ ਦੇ ਅਧਾਰ 'ਤੇ ਰਿਣ ਦਿੱਤੇ ਜਾਣਗੇ।

1. ਨਿਯਮਾਂ ਦੀ ਪਰਿਭਾਸ਼ਾ ਅਤੇ ਲਾਗੂ ਹੋਣਾ

ਰਿਣ ਸਹੂਲਤਾਂ ਲਈ ਦਰਖ਼ਾਸਤ ਫਾਰਮ (ਐਪਲੀਕੇਸ਼ਨ) - ਇੰਡਸਇੰਡ ਬੈਂਕ ਵਿੱਚ ਖੇਤੀ ਬੀੜੀ ਰਿਣ ਸਹੂਲਤ ਪ੍ਰਾਪਤ ਕਰਨ ਲਈ ਬੇਨਤੀ ਫਾਰਮ ।

ਗਾਹਕ - ਕੋਈ ਵੀ ਵਿਅਕਤੀ / ਹਸਤੀ ਜਿਸ ਦਾ ਇੰਡਸਇੰਡ ਬੈਂਕ ਵਿੱਚ ਖਾਤਾ ਹੋਵੇ।

ਸੇਵਾਵਾਂ - ਇੰਡਸਇੰਡ ਬੈਂਕ ਵਲੋਂ ਇੰਡਸਇੰਡ ਬੈਂਕ ਖੇਤੀ ਬਾੜੀ ਰਿਣ ਖਾਤਾ ਦੇ ਗਾਹਕਾਂ ਨੂੰ ਪ੍ਰਦਾਨ ਕੀਤੀਆਂ ਸੇਵਾਵਾਂ।

ਵੈਬਸਾਈਟ - ਇੰਟਰਨੈਟ 'ਤੇ ਇੰਡਸਇੰਡ ਬੈਂਕ ਦੀ ਆਫਿਸ਼ਿਅਲ ਬੈਂਕ ਵੈਬਸਾਈਟ - www.indusind.com

ਭਾਰਤ ਸਰਕਾਰ - ਇਸ ਦਾ ਭਾਵ ਹੈ ਭਾਰਤ ਸਰਕਾਰ।

ਰਾਜ ਸਰਕਾਰ - ਉਸ ਰਾਜ ਦੀ ਸਰਕਾਰ ਜਿੱਥੇ ਗਾਹਕ ਖੇਤੀ ਬਾੜੀ ਕਰਦਾ ਹੈ।

ਭਾਰਤੀ ਰਿਜ਼ਰਵ ਬੈਂਕ (ਰਿਜ਼ਰਵ ਬੈਂਕ ਆਫ ਇੰਡੀਆ - ਆਰਬੀਆਈ) - ਭਾਰਤ ਵਿੱਚ ਬੈਂਕਿੰਗ ਲਈ ਸਮੂਹਕ ਤੌਰ ਤੇ ਨਿਯਾਮਕ ਬਾਡੀ, ਜਿਸ ਦਾ ਨਾਮ ਹੈ, ਭਾਰਤੀ ਰਿਜ਼ਰਵ ਬੈਂਕ।

ਕੇਵਾਯਸੀ - ਗਾਹਕ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਬੈਂਕ ਪਾਲਿਸੀ ਦਸਤਾਵੇਜ਼ 'ਨੋ ਯੌਰ ਕਸਟਮਰ'।

ਆਈਬੀਐਲ - ਇਸ ਤੋਂ ਭਾਵ ਹੈ ਇੰਡਸਇੰਡ ਬੈਂਕ।

ਕਿਸੇ ਖਾਸ ਲਿੰਗ ਪ੍ਰਤਿ ਸ਼ਬਦ ਦੂਸਰੇ ਲਿੰਗ ਨੂੰ ਵੀ ਸ਼ਾਮਿਲ ਕਰਦੇ ਹਨ।

ਇਹ ਨਿਯਮ ਅਤੇ ਸ਼ਰਤਾਂ ਗਾਹਕ ਅਤੇ ਬੈਂਕ ਵਿੱਚਕਾਰ ਇਕਰਾਰਨਾਮਾ ਹੈ ਅਤੇ ਇਹ ਸਮੇਂ ਸਮੇਂ ਤੇ ਰਿਪਬਲਿਕ ਆਫ ਇੰਡੀਆ ਦੇ ਅਧਿਕਾਰ ਖੇਤਰ ਹੇਠ ਸੰਵਿਧਾਨਕ / ਨਿਯਾਮਕ ਬਾਡੀਸ ਦੇ ਕਾਨੂੰਨਾਂ ਅਤੇ ਬੈਂਕ ਦੀ ਅੰਦਰੂਨੀ ਪਾਲਿਸੀ ਸਮੀਖਿਆ ਮੁਤਾਬਕ ਤਬਦੀਲੀ ਅਧੀਨ ਹਨ। ਕੇਵਲ ਇੰਡਸ ਕਿਸਾਨ ਹੇਠ ਖੇਤੀ ਬਾੜੀ ਰਿਣ ਖਾਤਿਆਂ ਦੇ ਸਾਰੇ ਪ੍ਰੋਡਕਟਸ ਅਤੇ ਸੇਵਾਵਾਂ ਪ੍ਰਤਿ ਇਹ ਹੇਠ ਲਿਖਤ ਲਾਗੂ ਹਨ।

2. ਯੋਗਤਾ ਮਾਪ-ਦੰਡ

ਇੰਡਸ ਕਿਸਾਨ ਹੇਠ ਪ੍ਰੋਡਕਟ ਲਈ ਰਿਣ ਬੇਨਤੀ ਕੇਵਲ ਵਸਨੀਕ ਭਾਰਤੀ ਵਲੋਂ ਉਸ ਦੇ ਆਪਣੇ ਨਾਂ 'ਤੇ ਕੀਤੀ ਜਾ ਸਕਦੀ ਹੈ ਅਤੇ ਮੁੱਖ ਯੋਗਤਾ ਮਾਪ-ਦੰਡ ਇਸ ਪ੍ਰਕਾਰ ਹੈ:

. ਮੁੱਖ ਬਿਨੈਕਾਰ ਦਾ ਪੇਸ਼ਾ ਖੇਤੀ ਬਾੜੀ ਜਾਂ ਖੇਤੀ ਬਾੜੀ ਸੰਬੰਧਿਤ ਹੋਵੇ ਅਤੇ ਉਹ ਵੱਡੀ ਉਮਰ ਦਾ ਹੋਵੇ (18-70 ਸਾਲ ਦੀ ਉਮਰ)।

. ਮਾਲਕ ਵਾਹਕ, ਕਿਰਾਇਦਾਰ ਕਿਸਾਨ, ਪੱਟੇਦਾਰ ਅਤੇ ਨਿਯੁਕਤ ਕੀਤੇ ਕਿਸਾਨ (ਜਿਹਨਾਂ ਕੋਲ ਘੱਟ ਤੋਂ ਘੱਟ 5 ਸਾਲਾਂ ਦੇ ਦਰਜ ਕੀਤੇ ਕਿਰਾਇਦਾਰੀ ਅਧਿਕਾਰ ਹੋਣ)।

. ਜੇਕਰ ਮੁੱਖ ਬਿਨੈਕਾਰ ਦੀ ਉਮਰ 70 ਸਾਲਾਂ ਤੋਂ ਵੱਧ ਹੈ ਤਾਂ ਹੇਠ ਲਿਖਤ ਸਾਰੀਆਂ ਸ਼ਰਤਾਂ ਪੂਰੀ ਕੀਤੀਆਂ ਜਾਣ।

ੳ. ਸਹਿ-ਕਰਜ਼ਦਾਰ ਹੋਣਾ ਜ਼ਰੂਰੀ ਹੈ।

ਅ. ਬਾਲਗ (ਮੇਜਰ) ਦੇ ਕਾਨੂੰਨੀ ਵਾਰਿਸਾਂ ਵਿਚੋਂ ਘੱਟ ਤੋਂ ਘੱਟ ਇੱਕ ਨੂੰ ਸਹੂਲਤ ਦੇ ਲਈ ਸਹਿ-ਕਰਜ਼ਦਾਰ ਹੋਣਾ ਹੈ ਅਤੇ ਜਿਸ ਦੀ ਉਮਰ 70 ਸਾਲਾਂ ਤੋਂ ਘੱਟ ਹੈ।

ਜੇਕਰ ਕੋਈ ਕਾਨੂੰਨੀ ਵਾਰਿਸ ਨਹੀਂ ਹੈ ਤਾਂ ਪਰਿਵਾਰ ਦਾ ਮੈਂਬਰ / ਕਰਜ਼ਦਾਰ ਦਾ ਕੋਈ ਨਜ਼ਦੀਕੀ ਰਿਸ਼ਤੇਦਾਰ ਸਹਿ-ਕਰਜ਼ਦਾਰ ਹੋਵੇ ਅਤੇ ਬਾਲਗ (ਮੇਜਰ) ਹੋਵੇ।

. ਕਰਜ਼ਦਾਰ ਜਾਂ ਗਾਰੰਟਰ ਨੂੰ ਕਿਸੇ ਆਰਥਿਕ ਸੰਸਥਾ ਦੇ ਜਾਂ ਆਰਬੀਆਈ ਡਿਫੌਲਟਰ ਸੂਚੀ ਦੇ ਮੁਤਾਬਕ 'ਡਿਫੌਲਟਰ' ਵਜੋਂ ਦਰਜ ਨਾ ਕੀਤਾ ਗਿਆ ਹੋਵੇ।

ਗਾਹਕ ਨੇ ਰਿਣ ਸਹੂਲਤਾਂ ਲਈ ਦਰਖ਼ਾਸਤ ਫਾਰਮ (ਐਪਲੀਕੇਸ਼ਨ) ਭਰਨਾ ਹੈ, ਸਾਰੇ ਸਹਾਇਕ ਦਸਤਾਵੇਜ਼ (ਜਿਵੇਂ ਕਿ ਬੈਂਕ ਦੀ ਕੇਵਾਯਸੀ ਪਾਲਿਸੀ ਹੇਠ ਚਾਹੀਦੇ ਹਨ), ਪੈਨ ਕਾਰਡ ਕਾਪੀ / ਫਾਰਮ 61 ਪ੍ਰਦਾਨ ਕਰਨਾ ਹੈ ਅਤੇ ਦਰਖ਼ਾਸਤ ਫਾਰਮ ਉਪਰ ਦਸਤਖ਼ਤ ਕਰਨੇ ਹਨ (ਇੱਕ ਤੋਂ ਵੱਧ ਬਿਨੈਕਾਰਾਂ ਦੇ ਮਾਮਲੇ ਵਿੱਚ ਸਾਰੇ ਬਿਨੈਕਾਰਾਂ ਨੂੰ ਦਰਖ਼ਾਸਤ ਫਾਰਮ ਉਪਰ ਦਸਤਖ਼ਤ ਕਰਨ ਦੀ ਲੋੜ ਹੋਵੇਗੀ)।

ਨਾਲ ਹੀ ਗਾਹਕ ਨੂੰ ਲਏ ਕੰਮ ਦੇ ਸਬੂਤ ਦੇ ਸਮੇਤ ਬਿਨੈਕਾਰ ਜਾਂ ਸਹਿ-ਬਿਨੈਕਾਰਾਂ ਦੁਆਰਾ ਵਾਹੀ ਜਾ ਰਹੀ ਜ਼ਮੀਨ ਦਾ ਵੇਰਵਾ ਵੀ ਦੇਣ ਦੀ ਲੋੜ ਹੋਵੇਗੀ। ਨਿਵੇਸ਼ ਲੋੜਾਂ ਲਈ, ਲੰਬੀ ਮਿਆਦ ਖੇਤੀ ਬਾੜੀ ਅਤੇ / ਜਾਂ ਖੇਤੀ ਬਾੜੀ ਨਿਵੇਸ਼ ਸੰਬੰਧਿਤ ਪ੍ਰੋਜੈਕਟ ਰੀਪੋਰਟ / ਘੋਸ਼ਣਾ-ਪੱਤਰ ਪੇਸ਼ ਕਰਨ ਦੀ ਵੀ ਲੋੜ ਹੈ।

ਦਰਖ਼ਾਸਤ ਫਾਰਮ ਦੇ ਸਵੀਕਾਰ ਕਰਨ ਨੂੰ ਬੈਂਕ ਵਲੋਂ ਰਿਣ ਸਹੂਲਤ(ਾਂ) ਪ੍ਰਦਾਨ ਕਰਨਾ ਨਹੀਂ ਸਮਝਿਆ ਜਾਵੇ। ਆਪਣੇ ਨਿਰਦੇਸ਼ਾਂ ਅਤੇ ਪਾਲਿਸੀਜ਼ ਦੇ ਅਧਾਰ ਤੇ ਬੈਂਕ ਨੂੰ, ਆਪਣੇ ਵਿਵੇਕ ‘ਤੇ, ਸਹੂਲਤ ਦੀ ਮੰਜ਼ੂਰੀ ਜਾਂ ਨਾ-ਮੰਜ਼ੂਰੀ ਦਾ ਅਧਿਕਾਰ ਹੈ। ਮੰਜ਼ੂਰੀ ਪੱਤਰ ਵਿੱਚ ਦੱਸੇ ਨਿਯਮ ਅਤੇ ਸ਼ਰਤਾਂ ਅਤੇ ਸਹੂਲਤ ਦਸਤਾਵੇਜ਼ ਅਤੇ ਸਿਕਿਉਰਿਟੀ ਦਸਤਾਵੇਜ਼ਾਂ ਮੁਤਾਬਕ ਰਿਣ ਦਾ ਪ੍ਰਬੰਧ ਰਹੇਗਾ।

ਰਿਣ ਕਿਸੇ ‘ਅਣਪੜ੍ਹ’ ਵਿਅਕਤੀ ਨੂੰ ਦਿੱਤਾ ਜਾ ਸਕਦਾ ਹੈ ਪਰ ਐਸੇ ਖਾਤੇ ਨੂੰ ਚੈਕ ਦੀ ਸਹੂਲਤ ਨਹੀਂ ਮਿਲੇਗੀ।

ਗਾਹਕਾਂ ਨੇ ਧਿਆਨ ਦੇਣਾ ਹੈ ਕਿ ਵੈਲਕਮ ਕਿਟ ਕੇਵਲ ਗਾਹਕ ਦੇ ਪੱਤਰ-ਵਿਹਾਰ ਪਤੇ ਤੇ ਭੇਜੇ ਜਾਂਦੇ ਹਨ ਜਿਸ ਦੀ ਪੁਸ਼ਟੀ ਕੇਵਾਯਸੀ ਨਿਯਮਾਂ ਦੇ ਹਿੱਸੇ ਵਜੋਂ ਕੀਤੀ ਗਈ ਹੈ ਅਤੇ ਜੋ ਬੈਂਕ ਨਾਲ ਦਰਜ ਕੀਤਾ ਗਿਆ ਹੈ। ਵੈਲਕਮ ਕਿਟ / ਡੀਲੀਵਰੇਬਲ ਕਿਸੇ ਅਧੀਕ੍ਰਿਤ ਕੁਰੀਅਰ ਜਾਂ ਰਜਿਸਟਰਡ ਡਾਕ ਰਾਹੀਂ ਭੇਜੇ ਜਾਂਦੇ ਹਨ। ਜੇ ਗਾਹਕ ਨੂੰ ਨਿਰਧਾਰਿਰ ਸਮੇਂ ਅੰਦਰ ਵੈਲਕਮ ਕਿਟ / ਡੀਲੀਵਰੇਬਲ ਨਹੀਂ ਮਿਲਦੀ ਹੈ ਤਾਂ ਇਸ ਬਾਰੇ ਸ਼ਾਖਾ ਵਿਖੇ ਸੂਚਨਾ ਦਿੱਤੀ ਜਾਵੇ ਤਾਂ ਕਿ ਉਸ ਨੂੰ ਦੁਬਾਰਾ ਭੇਜਿਆ ਜਾਵੇ। ਜੇ ਵੈਲਕਮ ਕਿਟ ਵਾਪਸ ਹੋ ਜਾਂਦੀ ਹੈ ਤਾਂ ਬੈਂਕ ਉਸ ਖਾਤੇ ਨੂੰ ਬੰਦ ਕਰ ਸਕਦਾ ਹੈ।

3. ਕਿਸਾਨ ਕਾਰਡ, ਪਾਸਵਰਡ ਅਤੇ ਚੈਕ ਬੁਕਾਂ ਦੀ ਸੁਰੱਖਿਅਤ ਸੰਭਾਲ

ਗਾਹਕਾਂ ਨੇ ਧਿਆਨ ਦੇਣਾ ਹੈ ਕਿ ਕਿਸਾਨ ਕਾਰਡ, ਜੇ ਲਿਆ ਹੈ ਅਤੇ ਉਸ ਦੇ ਪ੍ਰਮਾਣ-ਪੱਤਰ, ਇੰਟਰਨੈਟ ਬੈਂਕਿੰਗ ਪ੍ਰਮਾਣ-ਪੱਤਰ, ਫੋਨ ਬੈਂਕਿੰਗ ਪ੍ਰਮਾਣ-ਪੱਤਰ, ਚੈਕ ਬੁਕਾਂ ਅਤੇ ਹੋਰ ਸਹੂਲਤਾਂ ਇਹ ਇੰਡਸਇੰਡ ਬੈਂਕ ਨਾਲ ਖੋਲੇ ਖਾਤੇ ਪ੍ਰਤਿ ਆਰਥਿਕ ਲੈਣ ਦੇਣ ਕਰਨ ਦੇ ਸਾਧਨ ਹਨ।

ਉਪ੍ਰੋਕਤ ਦੱਸੇ ਅਤੇ ਭਵਿੱਖ ਵਿੱਚ ਪ੍ਰਦਾਨ ਸੇਵਾਵਾਂ ਦੇ ਹੋਰ ਸਾਰੇ ਪ੍ਰਮਾਣ-ਪੱਤਰਾਂ ਦੀ ਸੁਰੱਖਿਅਕ ਸੰਭਾਲ ਲਈ ਕੇਵਲ ਗਾਹਕ ਹੀ ਜੁੰਮੇਵਾਰ ਹੋਵੇਗਾ। ਕਿਸੇ ਵੀ ਹਾਲ ਵਿੱਚ ਗਾਹਕ ਨੇ ਕਿਸੇ ਨਾਲ ਵੀ ਇਹਨਾਂ ਪ੍ਰਮਾਣ-ਪੱਤਰਾਂ ਬਾਰੇ ਗੱਲ ਨਹੀਂ ਕਰਨੀ ਹੈ।

ਤੁਹਾਨੂੰ ਪ੍ਰਦਾਨ ਕੀਤੇ ਕਿਸੇ ਵੀ ਸਹੂਲਤ ਦੀ ਦੁਰਵਰਤੋਂ ਦੁਆਰਾ ਹੋਏ ਕੋਈ ਵੀ ਧੋਖੇਬਾਜ਼ੀ / ਅਨਅਧੀਕ੍ਰਿਤ ਲੈਣ ਦੇਣ ਲਈ ਬੈਂਕ ਜੁੰਮੇਵਾਰ ਨਹੀਂ ਹੋਵੇਗਾ।

ਗਾਹਕਾਂ ਨੂੰ ਡੀਲੀਵਰੇਬਲਸ ਜਾਂ ਤਾਂ ਵੈਲਕਮ ਕਿਟ ਦੇ ਨਾਲ ਜਾਂ ਵੈਲਕਮ ਕਿਟ ਦੇ ਭੇਜਣ ਦੇ ਬਾਅਦ ਵੱਖ ਮੇਲਰਜ਼ ਰਾਜੀਂ ਭੇਜੇ ਜਾਂਦੇ ਹਨ। ਗਾਹਕਾਂ ਨੇ ਧਿਆਨ ਦੇਣਾ ਹੈ ਕਿ ਡੀਲੀਵਰੇਬਲਸ ਕੇਵਲ ਗਾਹਕ ਦੇ ਪੱਤਰ-ਵਿਹਾਰ ਪਤੇ ਤੇ ਭੇਜੇ ਜਾਂਦੇ ਹਨ ਜਿਸ ਦੀ ਪੁਸ਼ਟੀ ਕੇਵਾਯਸੀ ਨਿਯਮਾਂ ਦੇ ਹਿੱਸੇ ਵਜੋਂ ਕੀਤੀ ਗਈ ਹੈ ਅਤੇ ਜੋ ਬੈਂਕ ਨਾਲ ਦਰਜ ਕੀਤਾ ਗਿਆ ਹੈ।

ਇੰਡਸਇੰਡ ਬੈਂਕ ਉਤਮ ਸੁਰੱਖਿਆ ਪ੍ਰਦਾਨ ਕਰਨ ਦੇ ਆਪਣੇ ਜਤਨ ਵਿੱਚ ਗਾਹਕਾਂ ਨੂੰ ਸਲਾਹ ਦੇਂਦਾ ਹੈ ਕਿ ਉਹ ਡਾਕ ਜਾਂ ਕੂਰਿਅਰ ਰਾਹੀਂ ਪਾਸਵਰਡ ਨਾ ਮੰਗਵਾਉਣ। ਇਸ ਦੇ ਲਈ, ਗਾਹਕਾਂ ਨੂੰਕੁੱਝ ਨਿਜੀ ਵੇਰਵਾ ਪ੍ਰਦਾਨ ਕਰਨ ‘ਤੇ ਆਨਲਾਈਨ / ਏਟੀਐਮ ਰਾਹੀਂ ਪਾਸਵਰਡ ਬਣਾਉਣ ਦਾ ਵਿਕਲਪ ਪ੍ਰਦਾਨ ਕੀਤਾ ਗਿਆ ਹੈ। ਐਪਰ, ਜੇ ਗਾਹਕ ਚਾਹੁੰਦੇ ਹਨ ਕਿ ਉਹਨਾਂ ਨੂੰ ਡਾਕ ਜਾਂ ਕੂਰਿਅਰ ਭੇਜਿਆ ਜਾਵੇ ਤਾਂ ਇਸ ਦੇ ਬਾਅਦ ਹੋਣ ਵਾਲੇ ਕੋਈ ਵੀ ਧੋਖੇਬਾਜ਼ੀ / ਦੁਰਵਰਤੋਂ ਲਈ ਬੈਂਕ ਜੁੰਮੇਵਾਰ ਨਹੀਂ ਹੋਵੇਗਾ। ਕਿਸਾਨ ਕਾਰਡ ਪਾਉਣ ‘ਤੇ, ਗਾਹਕ ਨੇ ਪੀਓਐਸ ਆਉਟਲੇਟ ਵਿਖੇ ਗਾਹਕ ਦੀ ਅਸਾਨੀ ਨਾਲ ਪਛਾਣ ਲਈ ਉਸ ਤੇ ਦਸਤਖ਼ਤ ਕਰਨੇ ਹਨ। ਸ਼ੁਰੂਆਤੀ ਪਾਸਵਰਡ ਝੱਟ ਹੀ ਬਦਲੀ ਕੀਤੇ ਜਾਣ। ਗਾਹਕ ਨੇ ਯਕੀਨੀ ਕਰਨਾ ਹੈ ਕਿ ਚੈਕ ਬੁਕਾਂ ਪੂਰੀਆਂ ਹਨ ਅਤੇ ਐਸਾ ਨਾ ਹੋਵੇ ਵਿਚਕਾਰ ਕੋਈ ਚੈਕ ਦਾ ਪੱਤਾ ਨਹੀਂ ਹੈ।

4. ਵਿਆਜ, ਚਾਰਜ ਅਤੇ ਫੀਸ

ਖਾਤੇ ਨੂੰ ਚਲਾਉਣ ਅਤੇ ਸੇਵਾਵਾਂ ਦੇ ਸੰਬੰਧ ਵਿੱਚ ਚਾਰਜ ਸਮੇਂ ਸਮੇਂ ਤੇ ਵੈਬਸਾਈਟ ਉਪਰ ਨਿਰਦੇਸ਼ਿਤ ਦਰਾਂ ਮੁਤਾਬਕ ਲਗਾਏ ਜਾਣਗੇ। ਮੰਜ਼ੂਰੀ ਵਾਲੇ ਨਿਯਮ ਅਤੇ ਸ਼ਰਤਾਂ ਮੁਤਾਬਕ ਪਰਿਭਾਸ਼ਿਤ ਵਾਰਵਾਰਤਾ 'ਤੇ ਚਾਰਜ ਖਾਤੇ ਵਿੱਚ ਡੈਬਿਟ ਕੀਤੀ ਜਾਣਗੇ।

ਬੈਂਕ ਨੂੰ ਅਧਿਕਾਰ ਹੈ ਕਿ, ਕੋਈ ਵਧੇਰੀ ਸੂਚਨਾ ਪ੍ਰਦਾਨ ਜਾਂ ਵਧੇਰੀ ਸਹਿਮਤੀ / ਅਧਿਕਾਰੀਕਰਨ ਦੀ ਮੰਗ ਕੀਤੇ ਬਿਨਾ, ਸਮੇਂ ਸਿਰ ਦੇਣਯੋਗ ਰਕਮ ਦੀ ਨਾ-ਅਦਾਇਗੀ ਲਈ ਸਰਵਿਸ ਚਾਰਜ, ਚਾਰਜ ਨੂੰ ਸੈਟ ਔੱਫ ਕਰੇ ਜਾਂ ਕਾਰਸਪਾਨਡੇਂਟ ਬੈਂਕ / ਕਾਉਂਟਰ ਪਾਰਟੀ ਦੁਆਰਾ ਰਿਪੋਰਟ ਗਲਤ ਕ੍ਰੈਡਿਟ ਜਾਂ ਦੇਰੀ ਦੇ ਰੀਟਰਨਸ ਲਈ ਖਾਤੇ ਨੂੰ ਡੈਬਿਟ ਕਰੇ।

ਜਦੋਂ ਤੱਕ ਦੱਸੇ ਖਾਤੇ ਵਿੱਚ ਪੈਸਾ ਦੇਣਾ ਬਕਾਇਆ ਹੈ ਉਸ ਵੇਲੇ ਤੱਕ ਕਰਜ਼ਦਾਰ(ਾਂ) ਨੇ ਬੈਂਕ ਨੂੰ ਹੇਠ ਲਿਖਤ ਮੁਤਾਬਕ ਵਿਆਜ ਭਰਣਾ ਹੈ:

ਸਮੇਂ ਸਮੇਂ ਤੇ ਰਿਣ ਖਾਤਿਆਂ ਵਿੱਚ ਰੋਜ਼ਾਨਾ ਡੈਬਿਟ ਬਕਾਇਆ 'ਤੇ, ਤੁਹਾਡੇ ਵਲੋਂ ਸਵੀਕਾਰ ਕੀਤੇ ਮੰਜ਼ੂਰੀ ਪੱਤਰ ਵਿੱਚ ਦੱਸੇ ਦਰ ਦੇ ਮੁਤਾਬਕ ਵਿਆਜ ਦਾ ਹਿਸਾਬ ਕੀਤਾ ਜਾਵੇਗਾ, ਪ੍ਰਦਾਨ ਕੀਤੀ ਵਾਰਵਾਰਤਾ ਦੇ ਹਿਸਾਬ ਨਾਲ ਅਤੇ ਐਸਾ ਵਿਆਜ ਕਰਜ਼ਦਾਰ(ਾਂ) ਨੇ ਦੇਣਯੋਗ ਤਾਰੀਖ ਤੇ ਭਰਣਾ ਹੈ।

ਉਪ੍ਰੋਕਤ ਦੱਸੇ ਵਿਆਜ ਦਾ ਭੁਗਤਾਨ ਨਾ ਹੋਣ ਦੇ ਮਾਮਲੇ ਵਿੱਚ ਉਸ ਨੂੰ ਪੂੰਜੀ ਵਿੱਚ ਤਬਦੀਲ ਕਰ ਕੇ ਮੂਲ ਰਾਸ਼ੀ ਦੇ ਨਾਲ ਜੋੜਿਆ ਜਾਵੇਗਾ ਅਤੇ ਇਸ ਨੂੰ ਕਰਜ਼ਦਾਰ(ਾਂ) ਪ੍ਰਤਿ ਐਡਵਾਂਸ ਮੰਨਿਆ ਜਾਵੇਗਾ ਅਤੇ ਬੈਂਕ ਨੂੰ ਉਪ੍ਰੋਕਤ ਦਰ ਤੇ ਡੈਬਿਟ ਬਕਾਇਆ ਰਕਮ ਉਪਰ, ਜਿਸ ਵਿੱਚ ਸ਼ਾਮਲ ਹੋਵੇਗਾ ਕਰਜ਼ਦਾਰ(ਾਂ) ਵਲੋਂ ਨਾ ਭਰਿਆ ਵਿਆਜ ਅਤੇ ਜੋ ਇਸ ਲਈ ਉਪ੍ਰੋਕਤ ਦੱਸੇ ਮੁਤਾਬਕ ਪੂੰਜੀ ਵਿੱਚ ਤਬਦੀਲ ਹੋਇਆ ਹੈ, ਵਿਆਜ ਲਗਾਉਣ ਦਾ ਅਧਿਕਾਰ ਹੋਵੇਗਾ, ਇਸ ਦੇ ਨਾਲ ਬੈਂਕ ਆਪਣੇ ਵਿਵੇਕ ਮੁਤਾਬਕ ਜੋ ਉਸ ਨੂੰ ਯੋਗ ਲੱਗੇ ਐਸੇ ਦਰ ਤੇ ਦੰਡਮਈ ਵਿਆਜ ਚਾਰਜ ਕਰ ਸਕਦਾ ਹੈ, ਉਸ ਮਿਆਦ ਲਈ ਜਦੋਂ ਖਾਤੇ ਨੂੰ ਚਾਲੂ ਰੱਖਦਿਆ ਹੋਇਆਂ ਕਿਸੇ ਵੀ ਸਮੇਂ ਖਾਤਾ ਬੇਕਾਇਦਾ / ਓਵਰਡਿਯੂ ਰਹਿਆ ਹੋਵੇ।

ਗਾਹਕਾਂ ਦੇ ਧਿਆਨ ਦੇਣਾ ਹੈ ਕਿ ਵਿਆਜ, ਫੀਸ ਅਤੇ ਚਾਰਜ ਸਮੇਂ ਸਮੇਂ ਤੇ ਬੈਂਕ ਪਾਲਿਸੀਆਂ ਮੁਤਾਬਕ ਸੰਸ਼ੋਧਨ ਅਧੀਨ ਹਨ ਅਤੇ ਇਹ ਨਿਯਾਮਕ ਅਤੇ ਪ੍ਰਬੰਧਕੀ ਨਿਰਦੇਸ਼ਾਂ ਤੇ ਵੀ ਅਧਾਰਤ ਹਨ।

5. ਖਾਤਿਆਂ ਦਾ ਸਮੂਹੀਕਰਨ ਕਰਨਾ

ਬੈਂਕ ਦੀ ਅੰਦਰੂਨੀ ਪਾਲਿਸੀਆਂ ਦੇ ਮੁਆਬਕ, ਇੰਡਸਇੰਡ ਬੈਂਕ ਦਾ ਜਤਨ ਹੁੰਦਾ ਹੈ ਕਿ ਕਿਸੇ ਵਿਅਕਤੀ / ਵਜੂਦ ਦੀ ਪਛਾਣ ਕਿਸੇ ਪਛਾਣ ਨੰਬਰ ਦੁਆਰਾ ਕੀਤੀ ਜਾਵੇ।
ਗਾਹਕਾਂ ਦੇ ਧਿਆਨ ਦੇਣਾ ਹੈ ਕਿ ਬੈਂਕ ਦੇ ਭੀਤਰ ਗਾਹਕ ਦੇ ਸਾਰੇ ਖਾਤੇ ਜੋੜੇ ਜਾਣਗੇ। ਚਾਰਜ ਵਸੂਲੀ ਦੇ ਮਾਮਲੇ ਵਿੱਚ, ਜੇ ਪ੍ਰਾਇਮੇਰੀ ਖਾਤੇ ਵਿੱਚ ਯੋਗ ਬਕਾਇਆ ਨਹੀਂ ਹੈ ਤਾਂ ਗਾਹਕ ਦੇ ਦੂਸਰੇ ਜੁੜੇ ਖਾਤਿਆਂ ਵਿਚੋਂ ਸੰਬੰਧਿਤ ਚਾਰਜ ਦੀ ਵਸੂਲੀ ਕੀਤੀ ਜਾਵੇਗੀ।

ਗਾਹਕਾਂ ਨੂੰ ਕੋਈ ਵੀ ਖਾਤਾ ਬੰਦ ਕਰਨ ਦੀ ਛੁੱਟ ਹੋਵੇਗੀ ਇਹ ਯਕੀਨੀ ਕਰਨ ਦੇ ਬਾਅਦ ਕਿ ਉਸ ਖਾਤੇ ਲਈ ਬੈਂਕ ਪ੍ਰਤਿ ਭਰਣ ਲਈ ਕੋਈ ਦੇਣਯੋਗ ਰਕਮ / ਚਾਰਜੇਸ ਨਹੀਂ ਹਨ। ਦੇਣਯੋਗ ਰਕਮ, ਵਿਆਜ, ਫੀਸ, ਚਾਰਜ, ਆਦਿ ਦੇ ਭੁਗਤਾਨ ਲਈ ਹਰ ਇੱਕ ਖਾਤੇ ਦਾ ਪ੍ਰਬੰਧ ਉਹਨਾਂ ਦੀਆਂ ਆਪਣੀ ਲੋੜਾਂ ਮੁਤਾਬਕ ਹੋਵੇਗਾ।

6. ਪਾਸਬੁਕ ਅਤੇ ਖਾਤਿਆਂ ਦਾ ਸਟੇਟਮੇਂਟ

ਬੈਂਕ ਕੋਲ ਈਮੇਲ ਅਤੇ ਫਿਜ਼ਿਕਲ ਸਟੇਟਮੇਂਟ ਦੇਣ ਦਾ ਪ੍ਰਯੋਜਨ ਹੈ। ਫਿਜ਼ਿਕਲ ਸਟੇਟਮੇਂਟ ਬੈਂਕ ਦੇ ਰਿਕਾਰਡ ਮੁਤਾਬਕ ਗਾਹਕ ਦੇ ਡਾਕ ਪਤੇ ਤੇ ਭੇਜਿਆ ਜਾਂਦਾ ਹੈ ਜਦਕਿ ਈਮੇਲ ਸਟੇਟਮੇਂਟ ਗਾਹਕ ਦੀ ਰਜਿਸਟਰਡ ਈਮੇਲ ਤੇ ਭੇਜਿਆ ਜਾਂਦਾ ਹੈ। ਬੈਂਕ ਪਾਸਬੁਕ ਦਾ ਲਾਭ ਪ੍ਰਾਪਤ ਕਰਨ ਲਈ ਵੀ ਵਿਕਲਪ ਪ੍ਰਦਾਨ ਕਰਦਾ ਹੈ। ਬੈਂਕ ਪਾਸਬੁਕ ਸਹੂਲਤ / ਯੋਜਿਤ ਵਾਰਵਾਰਤਾ ਤੇ ਭੇਜੇ ਖਾਤਿਆਂ ਦੇ ਸਟੇਟਮੇਂਟ ਲਈ ਉਸ ਦੇ ਖਾਤਾ ਧਾਰਕਾਂ ਨੂੰ ਕੋਈ ਚਾਰਜ ਨਹੀਂ ਕਰਦਾ।

ਇਹ ਗਾਹਕ ਦੀ ਜੁੰਮੇਵਾਰੀ ਹੈ ਕਿ ਇੰਡਸਇੰਡ ਬੈਂਕ ਸ਼ਾਖਾ ਤੇ ਜਾ ਕੇ ਨਿਯਮਿਤ ਤੌਰ ਤੇ ਪਾਸਬੁਕ ਅਪਡੇਟ ਕਰਾਵੇ। ਜੇ ਪਾਸਬੁਕ ਅਪਡੇਟ ਨਹੀਂ ਕੀਤੀ ਗਈ ਹੈ ਤਾਂ ਇਸ ਲਈ ਬੈਂਕ ਜੁੰਮੇਵਾਰ ਨਹੀਂ ਹੈ।

ਈਮੇਲ ਸਟੇਟਮੇਂਟ ਲਈ, ਇਹ ਗਾਹਕਾਂ ਦਾ ਕੰਮ ਹੈ ਕਿ ਪ੍ਰਾਪਤ ਹੋਈ ਕੋਈ ਵੀ ਈਮੇਲ ਦੇ ਪ੍ਰਮਾਣਿਕਤਾ ਦੀ ਪੁਸ਼ਟੀ ਕਰੇ ਅਤੇ ਗਾਹਕ ਨੂੰ ਪ੍ਰਾਪਤ ਕੋਈ ਵੀ ਫ਼ਰੇਬੀ ਈਮੇਲ ਦੇ ਕਾਰਣ ਹੋਏ ਕੋਈ ਵੀ ਮਾਮਲੇ / ਹਾਨੀ ਲਈ ਬੈਂਕ ਜੁੰਮੇਵਾਰ ਨਹੀਂ ਹੋਵੇਗਾ। ਈਮੇਲ ਸਟੇਟਮੇਂਟ ਕੇਵਲ ਰਜਿਸਟਰਡ ਈਮੇਲ ਤੇ ਭੇਜਿਆ ਜਾਂਦਾ ਹੈ, ਜਿਵੇਂ ਕਿ ਗਾਹਕ ਵਲੋਂ ਸਮੇਂ ਸਮੇਂ ਤੇ ਦੱਸਿਆ ਜਾਂਦਾ ਹੈ।

ਜੇ ਸਮੇਂ ਸਿਰ ਸਟੇਟਮੇਂਟ (ਈਮੇਲ / ਫਿਜ਼ਿਕਲ) ਨਹੀਂ ਮਿਲਦਾ ਹੈ ਤਾਂ ਗਾਹਕ ਨੇ ਬੈਂਕ ਨੂੰ ਸੂਚਿਤ ਕਰਨਾ ਹੈ। ਬੈਂਕ ਤੁਹਾਨੂੰ ਮੁਫਤ ਡੁਪਲੀਕੇਟ ਸਟੇਟਮੇਂਟ ਦੇ ਸਕਦਾ ਹੈ।

ਕੋਈ ਵੀ ਉਕਾਈ / ਗਲਤੀ ਲਈ ਗਾਹਕ ਨੇ ਸਟੇਟਮੇਂਟ ਮੇਲ ਕਰਨ ਦੇ ਜਾਂ ਪਾਸਬੁਕ ਵਿੱਚ ਐਂਟਰੇ ਦਰਜ ਕਰਨ ਦੇ 14 ਦਿਨਾਂ ਅੰਦਰ ਬੈਂਕ ਨੂੰ ਸੂਚਿਤ ਕਰਨਾ ਹੈ। 14 ਦਿਨਾਂ ਦੇ ਬਾਅਦ ਬੈਂਕ ਨੂੰ ਦੱਸੇ / ਸੂਚਿਤ ਕੀਤੇ ਗਲਤੀ / ਉਕਾਈ ਦੇ ਕਾਰਣ ਗਾਹਕਾਂ ਨੂੰ ਹੋਈ ਕਿਸੇ ਤਰ੍ਹਾਂ ਦੀ ਹਾਨੀ ਦੇ ਲਈ ਬੈਂਕ ਜੁੰਮੇਵਾਰ ਨਹੀਂ ਹੋਵੇਗਾ। ਬੈਂਕ ਨੂੰ ਭਾਵੇਂ ਇਸ ਅਧਿਕਾਰ ਹੈ ਉਹ ਆਪਣੇ ਵਲੋਂ ਕਿਸੇ ਵੀ ਸਮੇਂ ਸਟੇਟਮੇਂਟ / ਪਾਸਬੁਕ ਵਿੱਚ ਕੋਈ ਵੀ ਗਲਤੀ / ਉਕਾਈ ਦਾ ਸੁਧਾਰ ਕਰੇ।

ਪਿਛਲੀ ਬਣੀ ਸਟੇਟਮੇਂਟ ਜਾਂ ਪਿਛਲੇ ਕਿਸੇ ਵੀ ਮਹੀਨੇ ਦੇ ਸਟੇਟਮੇਂਟ ਲਈ ਗਾਹਕ ਡੁਪਲੀਕੇਟ ਸਟੇਟਮੇਂਟ ਲਈ ਬੇਨਤੀ ਕਰ ਸਕਦਾ ਹੈ। ਡੁਪਲੀਕੇਟ ਸਟੇਟਮੇਂਟ ਦੇਣ ਲਈ ਚਾਰਜ ਦੀ ਸੂਚੀ ਦੇ ਮੁਤਾਬਕ ਚਾਰਜ ਲੱਗੇਗਾ।

ਜੇ ਗਾਹਕ ਦਾ ਪਤਾ ਬਦਲੀ ਹੁੰਦੀ ਹੈ ਤਾਂ ਉਸ ਨੇ ਬੈਂਕ ਨੂੰ ਝੱਟ ਇਸ ਬਾਰੇ ਸੂਚਿਤ ਕਰਨਾ ਹੈ ਅਤੇ ਪੱਕਾ ਕਰਨਾ ਹੈ ਬੈਂਕ ਦੇ ਕੇਵਾਯਸੀ ਨਿਰਦੇਸ਼ਾਂ ਹੇਠ, ਲੋੜ ਮੁਤਾਬਕ ਜ਼ਰੂਰੀ ਦਸਤਾਵੇਜ਼ ਪ੍ਰਦਾਨ ਕਰਨ ਦੇ ਬਾਅਦ ਪਾਸਬੁਕ ਵਿੱਚ ਪਤਾ ਬਦਲੀ ਕੀਤਾ ਜਾਂਦਾ ਹੈ।

ਇੰਡਸਇੰਡ ਬੈਂਕ ਉਸ ਦੇ ਰੀਟੇਲ ਬੈਂਕਿੰਗ ਗਾਹਕਾਂ ਲਈ 'ਚੈਕ ਆਨ ਚੈਕ ਸਹੂਲਤ' ਵੀ ਪ੍ਰਦਾਨ ਕਰਦਾ ਹੈ। ਇਸ ਸਹੂਲਤ ਵਿੱਚ ਗਾਹਕ ਵਲੋਂ ਪੇਸ਼ ਸਾਰੇ ਇਨਵਰਡ ਕਲੀਏਰਿੰਗ ਚੈਕਸ ਦੀਆਂ ਤਸਵੀਰਾਂ ਉਹਨਾਂ ਦੇ ਸਟੇਟਮੇਂਟ ਵਿੱਚ ਵਿਖਾਈ ਦੇਣਗੀਆਂ। ਇਸ ਸਹੂਲਤ ਵਿੱਚ ਡੀਡੀ, ਪੀਓ, ਆਰਟੀਜੀਐਸ, ਐਨਈਐਫਟੀ ਲੈਣ ਦੇਣ ਪ੍ਰਤਿ ਦਿੱਤੇ ਗਏ ਚੈਕ ਜਾਂ ਨਕਦ ਕਢਾਉਣ ਲਈ ਦਿੱਤੇ ਚੈਕ ਦੇ ਪੱਤਰ ਸ਼ਾਮਲ ਨਹੀਂ ਹਨ। ਗਾਹਕਾਂ ਵਲੋਂ ਪ੍ਰਦਾਨ ਸਾਰੇ ਚੈਕਸ ਬੈਂਕ ਵਲੋਂ ਜਤਨਸ਼ੀਲ ਤੌਰ ਤੇ ਸਕੈਨ ਹੋਣਗੇ। ਗਾਹਕ ਵਲੋਂ ਪੇਸ਼ ਕੋਈ ਵੀ ਚੈਕ ਜੇ ਸਟੇਟਮੇਂਟ ਵਿੱਚ ਨਹੀਂ ਵਿਖਾਈ ਦੇਂਦਾ ਤਾਂ ਗਾਹਕ ਬੈਂਕ ਨੂੰ ਜੁੰਮੇਵਾਰ ਨਹੀਂ ਠਹਿਰਾਇਗਾ।

7. ਵਿਕਲਪ ਪੈਸਾ - ਏਟੀਐਮ

ਇੰਡਸਇੰਡ ਬੈਂਕ, ਗਾਹਕ ਸੇਵਾ ਢੰਗ ਵਿੱਚ ਨਿਰੰਤਰ ਸੁਧਾਰ ਲਿਆਉਣ ਦੇ ਜਤਨ ਵਿੱਚ, ਕਿਸਾਨ ਕਾਰਡ ਰਾਹੀਂ ਉਸ ਦੀਆਂ ਏਟੀਐਮ ਮਸ਼ੀਨਾਂ ਤੋਂ ਨਕਦ ਕਢਾਉਣ ਸਮੇਂ ਗਾਹਕਾਂ ਨੂੰ ਅਨੇਕ ਮੁਦ੍ਰਾ ਡਿਨੋਮੀਨਿਸ਼ਨਸ ਤੋਂ ਚੋਣ ਕਰਨ ਦਾ ਵਿਕਲਪ ਪ੍ਰਦਾਨ ਕਰਦਾ ਹੈ। ਇਸ ਦੁਆਰਾ ਗਾਹਕ ਨੂੰ 100, 500 ਅਤੇ 100 ਦੇ ਕੁੱਝ ਮੌਜੂਦਾ ਡਿਨੋਮੀਨੇਸ਼ਨ ਜਾਂ ਇਹਨਾਂ ਮੁਦਰਾਵਾਂ ਦੇ ਸਮੇਲ ਤੋਂ ਚੋਣ ਕਰਨ ਵਿੱਚ ਮਦਦ ਮਿਲਦੀ ਹੈ।

ਗਾਹਕਾਂ ਨੇ ਕਦਰ ਕਰਨੀ ਹੈ ਕਿ ਇਹ ਇੱਕ ਵਧੇਰੀ ਸਹੂਲਤ ਹੈ ਅਤੇ ਉਸ ਸਮੇਂ ਦੇ ਨਕਦ ਅਤੇ ਡਿਨੋਮੀਨੇਸ਼ਨਸ ਦੀ ਉਪਲਬਧੀ ਉਪਰ ਇਹ ਅਧਾਰਤ ਹੈ। ਜੇ ਗਾਹਕ ਦੇ ਪਸੰਦ ਦੀ ਡਿਨੋਮੀਨਿਸ਼ਨਸ ਉਪਲਬਧ ਨਹੀਂ ਹੈ

7. ਖਾਤੇ ਚਲਾਉਣੇ

ਖਾਤੇ ਚਲਾਉਣ ਦੇ ਨਿਯਮ ਖਾਤੇ ਵਿੱਚ ਪਰਿਭਾਸ਼ਿਤ ਮੁਤਾਬਕ ਚਲਾਉਣ ਦੇ ਫ਼ਰਮਾਨ 'ਤੇ ਅਧਾਰਤ ਹਨ (ਇਸ ਦੀ ਪਰਿਭਾਸ਼ਾ ਅਧਾਰਤ ਹੋਵੇਗੀ ਦਰਖ਼ਾਸਤ ਫਾਰਮ ਵਿੱਚ ਚਲਾਉਣ ਦੇ ਫ਼ਰਮਾਨ ਉਪਰ ਗਾਹਕ ਦੀ ਹਦਾਇਤ ਦੇ ਉਪਰ ਜਾਂ ਖਾਤਾ ਖੋਲਣ ਦੇ ਬਾਅਦ ਗਾਹਕ ਵਲੋਂ ਅਧਿਕ੍ਰਿਤ ਕੋਈ ਵੀ ਤਬਦੀਲੀਆਂ ਉਪਰ)।

ਕਿਸੇ ਵਿਅਕਤੀ ਦੇ ਨਾਂ 'ਤੇ ਖਾਤਿਆਂ ਨੂੰ ਕੇਵਲ ਉਹ ਵਿਅਕਤੀ ਆਪ ਹੀ ਚਲਾ ਸਕਦਾ ਹੈ। ਸਾਰੇ ਬਿਨੈਕਾਰਾਂ ਦੁਆਰਾ ਦਿੱਤੀਆਂ ਚਲਾਉਣ ਦੇ ਹਦਾਇਤਾਂ ਦੇ ਅਧਾਰ 'ਤੇ ਜੁੜਵੇਂ ਖਾਤਿਆਂ ਨੂੰ ਕਿਸੇ ਇੱਕ ਵਲੋਂ ਜਾਂ ਜੁੜਵੇਂ ਤੌਰ ਤੇ ਦੋ ਜਾਂ ਵੱਧ ਵਲੋਂ ਜਾਂ ਸਾਰੇ ਬਿਨੈਕਾਰਾਂ ਦੁਆਰਾ ਰਲਕੇ ਚਲਾਇਆ ਜਾ ਸਕਦਾ ਹੈ। ਚਲਾਉਣ ਦੇ ਹਦਾਇਤਾਂ ਵਿੱਚ ਕੋਈ ਵੀ ਤਬਦੀਲੀਆਂ ਲਈ ਸਾਰੇ ਕਰਜ਼ਦਾਰਾਂ ਵਲੋਂ ਅਧਿਕਾਰੀਕਰਨ ਦੀ ਲੋੜ ਹੋਵੇਗੀ, ਚਲਾਉਣ ਦੀ ਹਦਾਇਤ ਭਾਵੇਂ ਕੁੱਝ ਵੀ ਹੋਵੇ।

ਬੈਂਕ ਉਸ ਦੀ ਕੇਵਾਯਸੀ ਲੋੜ ਦੇ ਮੁਤਾਬਕ, ਗਾਹਕ ਨੂੰ ਕੁੱਝ ਵਧੇਰੇ ਦਸਤਾਵੇਜ਼ ਦੇਣ ਲਈ ਆਖ ਸਕਦਾ ਹੈ ਜਾਂ ਕੇਵਾਯਸੀ ਦੀ ਮੁੜ-ਪੁਸ਼ਟੀ ਲਈ ਬੇਨਤੀ ਕਰ ਸਕਦਾ ਹੈ। ਗਾਹਕਾਂ ਨੂੰ ਬੈਂਕ ਕੋਲੋਂ ਐਸੀ ਬੇਨਤੀ ਦਾ ਪਾਲਨ ਕਰਨਾ ਹੈ ਅਤੇ ਬੈਂਕ ਕਿਸੇ ਵੀ ਪਦਾਰਥੀ / ਪਦਾਰਥ-ਰਹਿਤ ਅਸੁਵਿਧਾ ਲਈ ਜੁੰਮੇਵਾਰ ਨਹੀਂ ਹੋਵੇਗਾ ਜੋ ਕਿ ਗਾਹਕ ਵਲੋਂ ਐਸੀ ਬੇਨਤੀਆਂ ਨੂੰ ਨਾ ਮੰਨਣ ਦੇ ਕਾਰਣ ਗਾਹਕ ਨੂੰ ਹੋ ਸਕਦੀ ਹੈ।

ਸਮੇਂ ਸਮੇਂ ਤੇ ਬੈਂਕ ਡੀਲੀਵਰੇਬਲਸ (ਉਦਾਹਰਨ ਪਾਸਬੁਕ, ਚੈਕ ਬੁਕ, ਕਿਸਾਨ ਕਾਰਡ), ਖਾਤਿਆਂ ਦਾ ਸਟੇਟਮੇਂਟ, ਜ਼ਰੂਰੀ ਸੂਚਨਾਵਾਂ ਅਤੇ ਹੋਰ ਢੁੱਕਵੀਆਂ ਚੀਜ਼ਾਂ ਨੂੰ ਬੈਂਕ ਦੇ ਰਿਕਾਰਡਾਂ ਵਿੱਚ ਦਰਜ ਗਾਹਕ ਦੇ ਡਾਕ ਪਤੇ ਤੇ ਭੇਜ ਸਕਦਾ ਹੈ। ਇਸ ਲਈ ਜੇ ਡਾਕ ਪਤੇ ਵਿੱਚ ਕੋਈ ਤਬਦੀਲੀ ਹੁੰਦੀ ਹੈ ਤਾਂ ਗਾਹਕ ਨੇ ਬੈਂਕ ਨੂੰ ਝੱਟ ਸੂਚਿਤ ਕਰਨਾ ਹੈ। ਗਾਹਕ ਵਲੋਂ ਡਾਕ ਪਤੇ ਵਿੱਚ ਤਬਦੀਲੀ ਬਾਰੇ ਨਾ ਸੂਚਿਤ ਕਰਨ ਦੇ ਕਾਰਣ ਐਸੀਆਂ ਚੀਜ਼ਾਂ ਦੀ ਹਾਨੀ / ਨੁਕਸਾਨ / ਨਾਕਾਮਤਾ / ਗਲਤ ਡੀਲੀਵਰੀ ਦੇ ਕਾਰਣ ਹੋਏ ਕਿਸੇ ਵੀ ਹਾਨੀ / ਨੁਕਸਾਨ / ਅਸੁਵਿਧਾ ਲਈ ਬੈਂਕ ਜੁੰਮੇਵਾਰ ਨਹੀਂ ਹੋਵੇਗਾ।

ਕਰਜ਼ਦਾਰ ਨੇ ਆਪਣੇ ਖੇਤੀ ਬਾਰੀ ਦੇ ਉਤਪਾਦ ਦੀ ਵਿਕਰੀ ਦੇ ਪੈਸਿਆਂ ਨੂੰ ਆਪਣੇ ਕੈਸ਼ ਕ੍ਰੈਡਿਟ ਖਾਤੇ / ਓਵਰਡ੍ਰਾਫਟ ਖਾਤੇ ਰਾਹੀਂ ਭੇਜਣਾ ਹੈ। ਨਾਲ ਹੀ, ਕਰਜ਼ਦਾਰ ਨੇ ਇਹ ਯਕੀਨੀ ਕਰਨਾ ਹੈ ਕਿ ਬੈਂਕ ਵਲੋਂ ਸਮੇਂ ਸਮੇਂ ਤੇ ਨਿਰਧਾਰਿਤ ਵਾਰਵਾਰਤਾ ਦੇ ਮੁਤਾਬਕ ਵਿਆਜ ਅਤੇ ਦੂਸਰੇ ਚਾਰਜੇਸ ਦੇ ਸਮੇਤ ਉਹਨਾਂ ਕੈਸ਼ ਕ੍ਰੈਡਿਟ / ਓਵਰਡ੍ਰਾਫਟ ਖਾਤਾ ਪੂਰੀ ਤਰ੍ਹਾਂ ਕੰਮ ਵਿੱਚ ਹੈ।

ਜੇ ਕਿਸੇ ਵੀ ਰਿਣ ਖਾਤੇ ਤੋਂ ਦੇਣਯੋਗ ਰਕਮ ਦੀ ਉੱਠੀ ਮੰਗ ਪੂਰੀ ਕਰਨ ਲਈ ਬੈਂਕ ਨੂੰ ਹਦਾਇਤ ਹੈ ਤਾਂ ਗਾਹਕ ਨੇ ਬਚਤ ਖਾਤੇ ਵਿੱਚ ਯੋਗ ਬਕਾਇਆ ਰਖਣਾ ਹੈ ਤਾਂ ਕਿ ਭੁਗਤਾਨ ਸਮੇਂ ਸਿਰ ਨਿਸ਼ਚਿਤ ਰੂਪ ਵਿੱਚ ਹੋ ਸਕੇ। ਉਹਨਾਂ ਮਾਮਲਿਆਂ ਵਿੱਚ ਜਿੱਥੇ ਕਰਜ਼ਦਾਰ ਨੇ ਸਾਡੇ ਨਾਲ ਕੋਈ ਬਚਤ ਖਾਤਾ ਨਹੀਂ ਰੱਖਿਆ ਹੈ, ਓਥੇ ਇਹ ਪੱਕਾ ਕੀਤਾ ਜਾਵੇ ਕਿ ਭੁਗਤਾਨ ਨਕਦ, ਟ੍ਰਾਂਸਫਰ, ਚੈਕ, ਆਦਿ ਰਾਹੀਂ ਦੇਣਯੋਗ ਤਾਰੀਖ ਤੱਕ ਯਕੀਨੀ ਤੌਰ ਤੇ ਕੀਤਾ ਜਾਵੇ। ਸਮੇਂ ਸਿਰ ਦੇਣਯੋਗ ਰਕਮ ਨਾ ਭਰਣ 'ਤੇ ਕਰਜ਼ਦਾਰ ਨੂੰ ਦੰਡਮਈ ਵਿਆਜ ਜਾਂ ਹੋਰ ਚਾਰ੍ਹ ਭਰਣੇ ਹੋਣਗੇ ਅਤੇ ਨਾਲ ਹੀ ਬੈਂਕ ਚੈਕ, ਹਦਾਇਤ ਜਾਂ ਈਸੀਐਸ ਰਾਹੀਂ ਕੀਤੇ ਭੁਗਤਾਨ ਦੀ ਵਾਪਸੀ ਸੰਬੰਧਿਤ ਆਪਣੀ ਪਾਲਿਸੀ ਦੇ ਮੁਤਾਬਕ ਗਾਹਕ ਨੂੰ ਵਧੇਰੇ ਚਾਰਜੇਸ ਲਗਾ ਸਕਦਾ ਹੈ।

ਮਿਆਦ ਰਿਣ ਦੇ ਮਾਮਲੇ ਵਿੱਚ, ਗਾਹਕ ਵਲੋਂ ਸਵੀਕਾਰ ਮੰਜ਼ੂਰੀ ਦੇ ਨਿਯਮ ਅਤੇ ਸ਼ਰਤਾਂ ਦੇ ਮੁਤਾਬਕ ਵਿਆਜ ਅਤੇ ਮੂਲ ਕਿਸ਼ਤ ਦਾ ਭੁਗਤਾਨ ਦੇਣਯੋਗ ਤਾਰੀਖ ਤੱਕ ਭਰਣਾ ਹੈ। ਦੇਣਯੋਗ ਤਾਰੀਖ ਨੂੰ ਕਿਸੇ ਵੀ ਰਿਣ ਸਹੂਲਤ ਵਿੱਚ ਦੇਣਯੋਗ ਰਕਮ ਨਾ ਭਰਣ 'ਤੇ ਬੈਂਕ ਨੂੰ ਆਪਣੀ ਪਾਲਿਸੀ ਦੇ ਮੁਤਾਬਕ ਮਜਬੂਰਨ ਦੰਡਮਈ ਵਿਆਜ ਚਾਰਜ ਕਰਨਾ ਪਵੇਗਾ ਅਤੇ ਦੇਣਯੋਗ ਰਕਮ ਦੀ ਵਸੂਲੀ ਲਈ ਕਾਨੂੰਨੀ ਕਾਰਵਾਈ ਕਰਨੀ ਪਵੇਗੀ ਜਿਸ ਲਈ ਬੈਂਕ ਨੂੰ ਹੋਏ ਖਰਚ ਦੀ ਵਸੂਲੀ ਗਾਹਕ ਕੋਲੋਂ ਬਾਕੀ ਦੇਣਯੋਗ ਰਕਮ ਦੇ ਸਮੇਤ ਕੀਤੀ ਜਾਵੇਗੀ।

ਖਾਤੇ ਤੋਂ ਕੱਢੇ ਪੈਸਿਆਂ ਦੀ ਵਰਤੋਂ ਕਿਸੇ ਅਸੰਬੰਧਿਤ ਕਿਰਿਆ ਲਈ ਨਾ ਹੋਵੇ ਅਤੇ ਉਸ ਦੀ ਵਰਤੋਂ ਮੰਜ਼ੂਰੀ ਪੱਤਰ ਵਿੱਚ ਦੱਸੀ ਵਰਤੋਂ ਤੱਕ ਸੀਮਤ ਹੋਵੇ ਜੋ ਕਿ ਕਰਜ਼ਦਾਰ ਵਲੋਂ ਹਰ ਸਹੂਲਤ ਲਈ ਸਵੀਕਾਰ ਕੀਤਾ ਗਿਆ ਹੈ।

ਸਹੂਲਤਾਂ ਦੀ ਸਮੀਖਿਆ ਬੈਂਕ ਵਲੋਂ ਸਮੇਂ ਸਮੇਂ ਤੇ ਆਪਣੀ ਪਾਲਿਸੀ ਦੇ ਮੁਤਾਬਕ ਕੀਤੀ ਜਾਵੇਗੀ ਅਤੇ ਐਂਕ ਕਰਜ਼ਦਾਰ ਕੋਲੋਂ ਵਧੇਰੀ ਜਾਣਕਾਰੀ / ਦਸਤਾਵੇਜ਼ ਦੀ ਬੇਨਤੀ ਕਰ ਸਕਦਾ ਹੈ। ਕਰਜ਼ਦਾਰ ਨੇ ਐਸੀ ਹਦਾਇਤਾਂ ਦੀ ਤਾਮੀਲ ਕਰਨੀ ਹੈ ਅਤੇ ਜੇ ਗਾਹਕ ਐਸੀ ਬੇਨਤੀਆਂ ਦੀ ਤਾਮੀਲ ਨਹੀਂ ਕਰਦਾ ਹੈ ਤਾਂ ਇਸ ਦੇ ਨਤੀਜੇ ਵਜੋਂ ਗਾਹਕ ਨੂੰ ਹੋਈ ਕਿਸੇ ਵੀ ਪਦਾਰਥੀ / ਪਦਾਰਥ ਮੁਕਤ ਅਸੁਵਿਧਾ ਦੇ ਲਈ ਬੈਂਕ ਦੇਣਦਾਰ ਨਹੀਂ ਹੋਵੇਗਾ।

ਬੈਂਕ ਕਿਸੇ ਵੀ ਸਮੇਂ ਪੂੰਜੀ ਦੀ ਵਰਤੋਂ ਦੀ ਪੁਸ਼ਟੀ ਦੇ ਲਈ ਫੀਲਡ ਮੁਆਇਨਾ ਕਰ ਸਕਦਾ ਹੈ ਅਤੇ ਕਿਰਿਆ ਪੂਰੀ ਕਰਨ ਲਈ ਹੋਏ ਖਰਚਿਆਂ ਦਾ ਸਬੂਤ ਪ੍ਰਦਾਨ ਕਰਨ ਲਈ ਬੇਨਤੀ ਕਰ ਸਕਦਾ ਹੈ ਅਤੇ ਕਰਜ਼ਦਾਰ ਇਸ ਦੀ ਤਾਮੀਲ ਕਰਨੀ ਹੈ। ਗਾਹਕ ਨੇ ਇਸ ਦੀ ਕਦਰ ਕਰਨੀ ਹੈ ਕਿ ਬੈਂਕ ਨੇ ਗਾਹਕ ਨੂੰ ਉਸ ਦੀ ਆਰਥਿਕ ਲੋੜ ਦੀ ਪੂਰਤੀ ਦੇ ਲਈ ਸਹੂਲਤਾਂ ਪ੍ਰਦਾਨ ਕੀਤੀਆਂ ਹਨ ਤਾਂ ਕਿ ਗਾਹਕ ਖੇਤੀ ਥਾੜੀ ਅਤੇ ਸੰਬੰਧਿਤ ਕਿਰਿਆਵਾਂ ਕਰ ਸਕੇ ਅਤੇ ਬੈਂਕ ਨੂੰ ਅਧਿਕਾਰ ਹੈ ਕਿ ਤਾਮੀਲ ਦੀ ਪੁਸ਼ਟੀ ਕਰਨ ਦੇ ਲਈ ਗਾਹਕ ਨੂੰ ਮਿਲੇ / ਤਰੱਕੀ ਦੀ ਪੁਸ਼ਟੀ ਕਰੇ। ਜੇ ਕਿਰਿਆ ਪ੍ਰਤਿ ਪੂੰਜੀ ਵਿੱਚ ਬੇਕਾਇਦਗੀ ਵੇਖੀ ਜਾਂਦੀ ਹੈ ਤਾਂ ਬੈਂਕ ਗਾਹਕ ਨੂੰ ਸੇਧ ਦੇ ਸਕਦਾ ਹੈ ਅਤੇ ਕਰਜਦਾਰ ਨੂੰ ਬੇਨਤੀ ਹੈ ਕਿ ਇਸ ਦੀ ਚੰਗੀ ਤਰ੍ਹਾਂ ਤਾਮੀਲ ਹੋਵੇ ਤਾਂ ਕਿ ਬੈਂਕ ਦੇ ਨਾਲ ਚੰਗਾ ਰਿਸ਼ਤਾ ਬਣਿਆ ਰਹੇ।

ਕਰਜ਼ਦਾਰਾਂ ਨੂੰ ਸਲਾਹ ਹੈ ਕਿ ਵੱਡੀ ਰਕਮ ਕੱਢਣ / ਜਮ੍ਹਾ ਕਰਨ ਲਈ (10 ਲੱਖ ਰੁਪਏ ਤੋਂ ਵੱਧ) ਬੈਂਕ ਨੂੰ ਪਹਿਲਾਂ ਤੋਂ ਹੀ ਸੂਚਿਤ ਕਰਨ ਤਾਂ ਕਿ ਬਿਹਤਰ ਸੇਵਾ ਹੋ ਸਕੇ।

ਭਾਰਤ ਸਰਕਾਰ ਨੇ ਜ਼ਰੂਰੀ ਕੀਤਾ ਹੈ ਕਿ 50,000/- ਅਤੇ ਵੱਧ ਦੀ ਰਕਮ ਦੇ ਕਿਸੇ ਵੀ ਨਕਦੀ ਲੈਣ ਦੇਣ ਲਈ ਪੈਨ ਕਾਰਡ ਦਾ ਵੇਰਵਾ ਪ੍ਰਦਾਨ ਕੀਤਾ ਜਾਵੇ (ਫਾਰਮ 60/61 ਜਿੱਥੇ ਗਾਹਕ ਕੋਲ ਵੈਧ ਪੈਨ ਨਹੀਂ ਹੈ)।

8. ਚੈਕ ਬੁਕਸ

ਬੈਂਕ ਸਾਰੇ ਇੰਡਸ ਕਿਸਾਨ ਕਾਰਡ ਧਾਰਕਾਂ ਨੂੰ ਮਲਟੀ-ਸਿਟੀ ਵਿਅਕਤੀਗਤ ਚੈਕ ਬੁਕ ਪ੍ਰਦਾਨ ਕਰਦਾ ਹੈ (ਚੈਕ ਬੁਕ ਦੀ ਸਹੂਲਤ ਅਣਪੜ੍ਹ ਕਰਜ਼ਦਾਰਾਂ, ਬੰਦ ਖਾਤਿਆਂ (ਮਿਆਦ ਰਿਣ) ਜਾਂ ਉਹਨਾਂ ਖਾਤਿਆਂ ਨੂੰ ਨਹੀਂ ਦਿੱਤੀ ਜਾਂਦੀ ਜਿਥੇ ਗਾਹਕ ਵਲੋਂ ਚੈਕ ਬੁਕ ਸਹੂਲਤ ਲਈ ਬੇਨਤੀ ਨਹੀਂ ਕੀਤੀ ਗਈ ਹੈ)। ਗਾਹਕ ਨੂੰ ਖਾਤੇ ਪ੍ਰਕਾਰ ਦੇ ਅਧਾਰ ਤੇ ਕੁੱਝ ਮੁਫਤ ਚੈਕ ਬੁਕਸ ਦਾ ਅਧਿਕਾਰ ਹੈ।

ਇੱਕ ਵਾਰ ਮੌਜੂਦਾ ਚੈਕ ਬੁਕ ਖ਼ਤਮ ਹੋ ਜਾਂਦੀ ਹੈ ਤਾਂ ਗਾਹਕ ਬੈਂਕ ਨੂੰ ਨਵੀਂ ਚੈਕ ਬੁਕ ਲਈ ਬੇਨਤੀ ਕਰ ਸਕਦਾ ਹੈ। ਗਾਹਕ ਨੂੰ ਖਾਤੇ ਪ੍ਰਕਾਰ ਦੇ ਅਧਾਰ ਤੇ ਕੁੱਝ ਮੁਫਤ ਚੈਕ ਬੁਕਸ ਦਾ ਅਧਿਕਾਰ ਹੈ ਅਤੇ ਮੁਫਤ ਸੀਮਾ ਤੋਂ ਵੱਧ ਚੈਕ ਬੁਕ ਦੇਣ ਲਈ ਬੈਂਕ ਚਾਰਜ ਕਰ ਸਕਦਾ ਹੈ।

ਬੈਂਕ ਨੂੰ ਪੇਸ਼ ਕੀਤੇ ਸਾਰੇ ਚੈਕਸ (ਗਾਹਕ ਖਾਤੇ ਤੋਂ) ਵਿੱਚ ਹੇਠ ਲਿਖਤ ਹੋਣੇ ਚਾਹੀਦੇ ਹਨ:

. ਇਨਸਟਰੂਮੇਂਟ 'ਤੇ ਖਾਤੇ ਲਈ ਹਦਾਇਤ ਦੇ ਮੁਤਾਬਕ ਦਸਤਖ਼ਤ ਕੀਤੇ ਗਏ ਹਨ

. ਚੈਕ ਉਪਰ ਦਸਤਖ਼ਤ ਉਸ ਖਾਸ ਖਾਤੇ ਲਈ ਬੈਂਕ ਰਿਕਾਰਡ ਵਿੱਚ ਦਸਤਖ਼ਤ ਦੇ ਮੁਤਾਬਕ ਹੈ

. ਸਾਰੇ ਖਾਨੇ (ਪੇਈ, ਅੰਕਾਂ ਵਿੱਚ ਰਕਮ, ਸ਼ਬਦਾਂ ਵਿੱਚ ਰਕਮ, ਤਾਰੀਖ) ਭਰੇ ਗਏ ਹਨ

. ਚੈਕ ਪੁਰਾਣਾ ਨਹੀਂ ਹੈ (ਤਾਰੀਖ ਪੇਸ਼ ਕਰਨ ਦੀ ਤਾਰੀਖ ਤੋਂ ਛੇ ਮਹੀਨਿਆਂ ਤੋਂ ਵੱਧ ਨਹੀਂ ਹੈ)

. ਕੋਈ ਵੀ ਲਿਖਤ ਵਿੱਚ ਤਬਦੀਲੀ ਲਈ ਪੈਸੇ ਦੇਣ ਵਾਲੇ ਦੇ ਦੁਬਾਰਾ ਦਸਤਖ਼ਤ ਇਸ ਪ੍ਰਤਿ ਹੋਣੇ ਚਾਹੀਦੇ ਹਨ (ਸੰਸ਼ੋਧਿਤ ਆਰਬੀਆਈ ਨਿਰਦੇਸ਼ਾਂ ਦੇ ਮੁਤਾਬਕ, ਚੈਕ ਟ੍ਰਨਕੇਸ਼ਨ ਸਿਸਟਮ ਹੇਠ ਪ੍ਰਕਿਰਿਆ ਹੋਏ ਚੈਕਸ ਵਿੱਚ ਕੋਈ ਤਬਦੀਲੀ ਪਰਵਾਨ ਨਹੀਂ ਹੈ)। ਬੈਂਕ ਉਹ ਚੈਕਸ ਨੂੰ ਰੱਦ ਕਰ ਸਕਦਾ ਹੈ ਜੋ ਸੰਦੇਹੀ ਹੋਣ।

. ਚੈਕ ਪਾਸ ਹੋਣ ਲਈ ਖਾਤੇ ਵਿੱਚ ਯੋਗ ਪੂੰਜੀ ਹੋਵੇ - ਗਾਹਕ ਨੇ ਇਹ ਯਕੀਨੀ ਕਰਨਾ ਹੈ ਕਿ ਖਾਤੇ ਵਿੱਚ ਕਾਫੀ ਪੂੰਜੀ ਹੋਵੇ ਤਾਂ ਕਿ ਪੂੰਜੀ ਦੀ ਘਾਟ ਦੇ ਕਾਰਣ ਕੋਈ ਚੈਕ ਵਾਪਸ ਨਾ ਆਵੇ। ਵਾਪਸ ਆਉਣ ਵਾਲੇ ਚੈਕ ਲਈ ਬੈਂਕ ਵਲੋਂ ਦੰਡਮਈ ਚਾਰਜ ਲੱਗੇਗਾ।

. ਗਾਹਕਾਂ ਨੇ ਧਿਆਨ ਦੇਣਾ ਹੈ ਕਿ ਚੈਕ ਟ੍ਰਨਕੇਸ਼ਨ ਸਿਸਟਮ ਰਾਹੀਂ ਚੈਕਸ ਦੀ ਪ੍ਰਕਿਰਿਆ ਦੇ ਲਈ, ਸਾਰੀਆਂ ਦੱਸੀਆਂ ਲੋੜਾਂ ਲਾਗੂ ਹੋਣਗੀਆਂ ਅਤੇ ਗਾਹਕ ਨੇ ਉਹਨਾਂ ਪਾਬੰਦੀਆਂ ਦੀ ਤਾਮੀਲ ਕਰਨੀ ਹੈ। ਆਰਬੀਆਈ ਪੜ੍ਹਾਵਾਂ ਵਿੱਚ ਵੱਖ ਟਿਕਾਣਿਆਂ ਵਿੱਚ ਚੈਕ ਟ੍ਰਨਕੇਸ਼ਨ ਸਿਸਟਮ ਦੀ ਪ੍ਰਕਿਰਿਆ ਕਰਦਾ ਹੈ।

ਬੈਂਕ ਗਾਹਕ ਨੂੰ ਚਾਰਜ ਵੀ ਲਗਾ ਸਕਦਾ ਹੈ ਜੇ ਗਾਹਕ ਵਲੋਂ ਪੇਸ਼ ਚੈਕ ਨਾਕਾਫੀ ਪੂੰਜੀ ਦੇ ਲਈ ਵਾਪਸ ਹੋ ਜਾਂਦਾ ਹੈ। ਜੇ ਚੈਕ ਵਾਪਸੀ ਦੇ ਬਹੁਤ ਵਾਰਦਾਤ ਹਨ ਤਾਂ ਬੈਂਕ ਨੂੰ ਗਾਹਕ ਦਾ ਖਾਤਾ ਰੋਕਣ ਦਾ ਅਧਿਕਾਰ ਰਾਖਵਾਂ ਹੈ।

ਗਾਹਕ ਉਹਨਾ ਚੈਕਸ ਲਈ 'ਸਟੱਪ ਪੇਮੇਂਟ' (ਭੁਗਤਾਨ ਨਾ ਕਰੋ) ਰੱਖ ਸਕਦਾ ਹੈ ਜੋ ਗੁਆਚੇ / ਚੋਰੀ ਕੀਤੇ / ਭੁਗਤਾਨ ਨਾ ਕਰਨ ਵਾਲੇ ਹੋਣ। ਗਾਹਕਾਂ ਨੇ ਇਹ ਯਕੀਨੀ ਕਰਨਾ ਹੈ ਕਿ ਐਸੀ ਸਟੱਪ ਪੇਮੇਂਟ ਦੀ ਬੇਨਤੀ ਬੈਂਕ ਨੂੰ ਚੈਕ ਦੀ ਪੇਸ਼ਗੀ ਤੋਂ ਪਹਿਲਾਂ ਕੀਤੀ ਜਾਵੇ। ਬੈਂਕ ਨੂੰ ਐਸੇ ਚੈਕਸ ਪ੍ਰਤਿ ਕੋਈ ਵੀ ਭੁਗਤਾਨ ਕਰਨ ਦੀ ਦੇਣਦਾਰੀ ਨਹੀਂ ਹੋਵੇਗੀ ਜਿਸ ਲਈ ਬੈਂਕ ਨੂੰ ਚੈਕ ਦੀ ਪੇਸ਼ਗੀ ਦੇ ਬਾਅਦ ਸਟੱਪ ਪੇਮੇਂਟ ਦੀ ਬੇਨਤੀ ਮਿਲੀ ਹੋਵੇ। ਐਸੀ ਕੋਈ ਵੀ ਸਟੱਪ ਪੇਮੇਂਟ ਬੇਨਤੀ ਲਈ ਬੈਂਕ ਗਾਹਕ ਨੂੰ ਚਾਰਜ ਕਰ ਸਕਦਾ ਹੈ (ਕਿਰਪਾ ਕਰ ਕੇ ਚਾਰਜੇਸ ਦੀ ਸੂਚੀ ਵੇਖੋ)।

9. ਡਿਮਾਂਡ ਡ੍ਰਾਫਟ ਅਤੇ ਪੇ ਆਰਡਰ

ਗਾਹਕ ਕਿਸੇ ਵੀ ਆਈਬੀਐਲ ਸ਼ਾਖਾ ਤੇ ਜਾ ਕੇ ਡਿਮਾਂਡ ਡ੍ਰਾਫਟ / ਪੇ ਆਰਡਰ ਪਾਉਣ ਲਈ ਬੇਨਤੀ ਕਰ ਸਕਦਾ ਹੈ। ਡਿਮਾਂਡ ਡ੍ਰਾਫਟ ਜਾਂ ਪੇ ਆਰਡਰ ਦੇਣ ਸੰਬੰਧੀ ਕੋਈ ਵੀ ਚਾਰਜ (ਚਾਰਜੇਸ ਦੀ ਸੂਚੀ ਵੇਖੋ) ਦੀ ਵਸੂਲੀ ਗਾਹਕ ਖਾਤੇ ਨੂੰ ਡੈਬਿਟ ਕਰ ਕੇ ਕੀਤੀ ਜਾਵੇਗੀ।
ਵਧੇਰੀ ਜਾਣਕਾਰੀ ਲਈ, ਕਿਰਪਾ ਕਰ ਕੇ ਇੰਡਸਇੰਡ ਸ਼ਾਖਾ ਨਾਲ ਸੰਪਰਕ ਕਰੋ।

10. ਮੋਬਾਇਲ ਅਲਰਟਸ

ਸਾਰੇ ਗਾਹਕ ਜੋ ਬੈਂਕ ਦੇ ਨਾਲ ਆਪਣਾ ਮੋਬਾਇਲ ਨੰਬਰ ਰਜਿਸਟਰ ਕਰਾਉਂਦੇ ਹਨ ਉਹਨਾਂ ਨੂੰ ਅਨੇਕ ਪ੍ਰਕਾਰ ਦੇ ਕੀਤੇ ਬੈਂਕ ਦੇ ਲੈਣ ਦੇਣ ਲਈ ਮੋਬਾਇਲ ਅਲਰਟਸ ਪ੍ਰਾਪਤ ਕਰਨ ਦਾ ਅਧਿਕਾਰ ਹੋਵੇਗਾ। ਇਹ ਅਲਰਟਸ ਆਮ ਤੌਰ ਤੇ ਨਕਦ ਕੱਢਣ, ਨਕਦ ਜਮ੍ਹਾ, ਪੂੰਜੀ ਟ੍ਰਾਂਸਫਰ, ਫੰਡਸ ਕ੍ਰੈਡਿਟ, ਬਕਾਇਆ ਅਲਰਟਸ਼, ਆਦਿ ਦੇ ਲਈ ਦਿੱਤੇ ਜਾਂਦੇ ਹਨ। ਜਦਕਿ ਬੈਂਕ ਨਿਯਮਿਤ ਤੌਰ ਤੇ ਗਾਹਕਾਂ ਨੂੰ ਅਲਰਟਸ (ਆਰਥਿਕ ਲੈਣ ਦੇਣ ਤੇ ਅਧਾਰਤ) ਭੇਜਦਾ ਹੈ (ਪੁਲ), ਗਾਹਕ ਵੀ ਖਾਸ ਜਾਣਕਾਰੀ ਦੇ ਲਈ ਬੇਨਤੀ ਕਰ ਸਕਦਾ ਹੈ (ਪੁਸ਼)।

ਬੈਂਕ ਇਹਨਾਂ ਅਲਰਟਸ ਨੂੰ ਚੰਗੇ ਜਤਨ ਨਾਲ ਭੇਜਦਾ ਹੈ ਤਾਂ ਕਿ ਲੈਣ ਦੇਣ ਦੇ ਝੱਟ ਬਾਅਦ ਗਾਹਕ ਨੂੰ ਸੂਚਨਾ ਮਿਲ ਜਾਵੇ, ਐਪਰ, ਸੰਪੂਰਨ ਜਾਣਕਾਰੀ ਨੂੰ ਪੂਰਾ ਕਰਨ ਦੇ ਲਈ ਬੈਂਕ ਅਨੇਕ ਤੀਜੀ ਪਾਰਟੀਆਂ ਤੇ ਨਿਰਭਰ ਹੈ। ਇਸ ਸੰਬੰਧ ਵਿੱਚ, ਜੇ ਕਿਸੇ ਦੇਰੀ / ਜਾਣਕਾਰੀ ਨਾ ਮਿਲਣ ਦੇ ਬਾਅਦ ਗਾਹਕ ਨੂੰ ਕੋਈ ਜਾਣਕਾਰੀ ਪਹੁੰਚਦੀ ਹੈ ਤਾਂ ਬੈਂਕ ਇਸ ਲਈ ਦੇਣਦਾਰ ਨਹੀਂ ਹੋਵੇਗਾ।

ਇਹਨਾਂ ਮੋਬਾਇਲ ਅਲਰਟਸ ਲਈ ਪ੍ਰੋਡਕਟ ਦੇ ਗੁਣ ਅਤੇ ਬੈਂਕ ਦੇ ਨਾਲ ਗਾਹਕ ਦੇ ਸੰਬੰਧ ਦੇ ਅਧਾਰ ਤੇ ਚਾਰਜ ਅਧਾਰਤ ਹੋਣਗੇ ਅਤੇ ਇਹ ਚਾਰਜੇਸ ਦੀ ਸੂਚੀ ਵਿੱਚ ਦਰਜ ਹਨ। ਚਾਰਜੇਸ ਸਮੇਂ ਸਮੇਂ ਤੇ ਤਬਦੀਲੀ ਅਧੀਨ ਹਨ।

11. ਖਾਤਾ ਬੰਦ ਕਰਨਾ

ਜਿਸ ਇੰਡਸਇੰਡ ਬੈਂਕ ਸ਼ਾਖਾ ਤੋਂ ਰਿਣ ਦੀ ਸਹੂਲਤ ਲਈ ਗਈ ਸੀ ਉਸ ਸ਼ਾਖਾ ਤੇ ਲਿਖਤੀ ਬੇਨਤੀ, ਜਿਸ ਵਿੱਚ ਸ਼ਾਮਲ ਹੈ ਸਾਰੇ ਸੰਬੰਧਿਤ ਡੀਲੀਵਰੇਬਲਸ, ਜਿਵੇਂ ਨਾ ਵਰਤੇ ਚੈਕ ਅਤੇ ਕਿਸਾਨ ਕਾਰਡ, ਪੇਸ਼ ਕਰਨ ਦੇ ਬਾਅਦ ਹੀ ਰਿਣ ਖਾਤਾ ਬੰਦ ਕੀਤਾ ਜਾ ਸਕਦਾ ਹੈ।

ਬੈਂਕ ਤੁਹਾਨੂੰ ਕੋਈ ਦੇਣਯੋਗ ਨਹੀ ਦਾ ਸਰਟੀਫਿਕੇਟ ਪੇਸ਼ ਕਰੇਗਾ, ਜੇ ਬੈਂਕ ਨੂੰ ਦੇਣਯੋਗ ਸਾਰੀ ਰਕਮ ਭਰੀ ਗਈ ਹੈ। ਇਸ ਤਰ੍ਹਾਂ ਖਾਤਾ ਬੰਦ ਕੀਤੇ ਜਾਣ ਦੇ ਬਾਅਦ ਕੋਈ ਵੀ ਚੈਕ / ਇਸਟਰੂਮੇਂਟ ਦੀ ਵਾਪਸੀ ਹੁੰਦੀ ਹੈ ਅਤੇ ਐਸੇ ਬੰਦ ਕਰਨ ਤੋਂ ਹੋਏ ਕੋਈ ਵੀ ਖਰਚ / ਚਾਰਜ ਲਈ ਬੈਂਕ ਜੁੰਮੇਵਾਰ ਨਹੀਂ ਹੋਵੇਗਾ।

12. ਨਿਯਮਾਂ ਵਿੱਚ ਤਬਦੀਲੀ

ਹੇਠ ਕਾਰਣਾਂ ਦੁਆਰਾ ਨਿਯਮ ਅਤੇ ਸ਼ਰਤਾਂ ਤਬਦੀਲ ਹੋ ਸਕਦੀਆਂ ਹਨ: ਆਰਬੀਆਈ / ਜੀਓਆਈ ਤੋਂ ਨਿਯਮਾਂ / ਕਾਨੂੰਨਾਂ ਵਿੱਚ ਤਬਦੀਲੀ, ਬੈਂਕ ਵਲੋਂ ਸਹੂਲਤ / ਪ੍ਰੋਡਕਟ ਦਾ ਕੋਈ ਵਾਧਾ ਜਾ ਘਾਟਾ ਜਾਂ ਹੋਰ ਕੋਈ ਵੀ ਕਾਰਣ ਜੋ ਬੈਂਕ ਨੂੰ ਮੌਜੂਦਾ ਨਿਯਮ ਅਤੇ ਸ਼ਰਤਾਂ ਵਿੱਚ ਤਬਦੀਲੀ ਕਰਨ ਲਈ ਯੋਗ ਲੱਗੇ, ਜਿਵੇਂ ਕਿ ਕਰਜ਼ਦਾਰ ਵਲੋਂ ਸਵੀਕਾਰ ਕੀਤੇ ਮੰਜ਼ੂਰੀ ਪੱਤਰ ਵਿੱਚ ਦੱਸਿਆ ਹੈ।

ਬੈਂਕ ਆਪਣੇ ਵਿਵੇਕ ਤੇ ਸਮੇਂ ਸਮੇਂ ਤੇ ਨਿਯਮ ਅਤੇ ਸ਼ਰਤਾਂ ਵਿੱਚ ਤਬਦੀਲੀ ਕਰ ਸਕਦਾ ਹੈ। ਹੇਠ ਲਿਖਤ ਲਈ, ਪਰ ਸੀਮਤ ਨਹੀਂ, ਚਾਰਜੇਸ ਹੋ ਸਕਦੇ ਹਨ: ਨਵੇਂ ਨਿਯਮ ਅਤੇ ਸ਼ਰਤਾਂ ਵਿੱਚ ਵਾਧਾ, ਮੌਜੂਦਾ ਨਿਯਮ ਅਤੇ ਸ਼ਰਤਾਂ ਦੀ ਕਾਟ, ਮੌਜੂਦਾ ਨਿਯਮ ਅਤੇ ਸ਼ਰਤਾਂ ਵਿੱਚ ਤਬਦੀਲੀ। ਚਾਰਜੇਸ ਬਾਰੇ ਬੈਂਕ ਗਾਹਕ ਨਾਲ ਆਪਣੇ ਵੈਬਸਾਈਟ ਤੇ ਜਾਣਕਾਰੀ ਦੇ ਕੇ ਜਾਂ ਕਿਸੇ ਹੋਰ ਉਪਲਬਧ ਸੰਚਾਰ ਦੇ ਢੰਗ ਦੁਆਰਾ ਜਾਣਕਾਰੀ ਦੇ

ਸਕਦਾ ਹੈ।ਇਹ ਜੁੰਮੇਵਾਰੀ ਗਾਹਕ ਦੀ ਹੈ ਕਿ ਉਹ ਨਿਯਮਿਤ ਤੌਰ ਤੇ ਬੈਂਕ ਦੀ ਵੈਬਸਾਈਟ ਚੈਕ ਕਰ ਕੇ ਨਿਯਮ ਅਤੇ ਸ਼ਰਤਾਂ ਬਾਰੇ ਆਪਣੀ ਜਾਣਕਾਰੀ ਤਾਜ਼ਾ ਰੱਖੇ।

13. ਟ੍ਰਾਂਸਫਰ (ਬਦਲੇ ਜਾਣਾ) ਨਹੀਂ ਹੋਣਾ

ਬੈਂਕ ਵਲੋਂ ਆਪਣੇ ਗਾਹਕਾਂ ਨੂੰ ਪ੍ਰਦਾਨ ਖਾਤਾ ਅਤੇ ਸੇਵਾਵਾਂ ਕਿਸੇ ਵੀ ਹਾਲਤ ਵਿੱਚ ਨਾ ਬਦਲੇ ਜਾਣ ਯੋਗ ਹੈ ਅਤੇ ਇਸ ਦਾ ਇਸਤੇਮਾਲ ਕੇਵਲ ਗਾਹਕ ਵਲੋਂ ਕੀਤਾ ਜਾਵੇਗਾ। ਬੈਂਕ ਨੂੰ ਭਾਵੇਂ ਅਧਿਕਾਰ ਹੈ ਕਿ ਉਹ ਆਪਣੇ ਹੱਕ, ਲਾਭ ਜਾਂ ਦੇਣਦਾਰੀਆਂ ਕਿਸੇ ਨੂੰ ਵੀ ਟ੍ਰਾਂਸਫਰ, ਸਪੁਰਦ ਕਰੇ ਜਾਂ ਵੇਚੇ ਅਤੇ ਵਾਰਿਸਾਂ ਅਤੇ ਬੈਂਕ ਦੇ ਸਪੁਰਦਦਾਰਾਂ ਦੇ ਲਾਭ ਲਈ ਨਿਯਮ ਅਤੇ ਸ਼ਰਤਾਂ ਲਾਗੂ ਰਹਿਣਗੀਆਂ।

14. ਨੋਟਿਸ (ਸੂਚਨਾਵਾਂ)

ਖਾਤਾ, ਸੇਵਾਵਾਂ ਅਤੇ ਸਹੂਲਤਾਂ ਲਈ ਖਾਤੇ ਸੰਬੰਧਿਤ ਨੋਟਿਸ ਆਈਬੀਐਲ ਦੁਆਰਾ ਗਾਹਕਾਂ ਦੇ ਰਜਿਸਟਰਡ ਈ-ਮੇਲ ਪਤੇ ਤੇ ਈਮੇਲ ਰਾਹੀਂ ਜਾਂ ਗਾਹਕਾਂ ਦੇ ਰਜਿਸਟਰਡ ਡਾਕ ਪਤੇ ਤੇ ਪੱਤਰ ਦੁਆਰਾ ਭੇਜੇ ਜਾ ਸਕਦੇ ਹਨ। ਆਈਬੀਐਲ ਆਪਣੀ ਵੈਬਸਾਈਟ ਤੇ ਜਾਂ ਸ਼ਾਖਾਵਾਂ ਤੇ ਵਿਖਾਕੇ ਇਸ ਪ੍ਰਕਾਰ ਵੀ ਨੋਟਿਸ ਦੇ ਸਕਦਾ ਹੈ ਅਤੇ ਇਸ ਨੂੰ ਗਾਹਕ ਵਲੋਂ ਮਿਲਿਆ ਸਮਝਿਆ ਜਾਵੇਗਾ।

15. ਜਾਣਕਾਰੀ ਸਾਂਝੀ ਕਰਨੀ / ਪ੍ਰਗਟਾਅ ਕਰਨਾ

ਬੈਂਕ ਦੇ ਨਾਲ ਖਾਤਾ ਖੋਲ ਕੇ ਅਤੇ ਬਣਾਈ ਰੱਖ ਕੇ ਗਾਹਕ ਬੈਂਕ ਨੂੰ ਐਸੇ ਕਿਸੇ ਵੀ ਵਜੂਦ ਨਾਲ ਉਪਲਬਧ ਗਾਹਕ ਖਾਤਾ / ਨਿਜੀ ਜਾਣਕਾਰੀ ਸਾਂਝੀ ਕਰਨ / ਪ੍ਰਗਟਾਅ ਕਰਨ ਦਾ ਅਧਿਕਾਰ ਦੇਂਦਾ ਹੈ, ਜਿਸ ਨੂੰ ਐਸੀ ਜਾਣਕਾਰੀ ਤੱਕ ਪਹੁੰਚਣ ਦਾ ਅਧਿਕਾਰ ਹੋਵੇ ਅਤੇ ਜਿਸ ਵਿੱਚ ਸ਼ਾਮਲ ਹੋ ਸਕਦੇ ਹਨ, ਪਰ ਸੀਮਤ ਨਹੀਂ:

1. ਭਾਰਤੀ ਰਿਜ਼ਰਵ ਬੈਂਕ (ਆਰਬੀਆਈ)
2. ਭਾਰਤ ਸਰਕਾਰ, ਆਪਣੇ ਅਧਿਕ੍ਰਿਤ ਪ੍ਰਤਿਨਿਧੀ / ਬਾਡੀ ਰਾਹੀਂ
3. ਅਦਾਲਤਾਂ / ਤਫਤੀਸ਼ਕਾਰੀ ਏਜੰਸੀਆਂ
4. ਸਿਕਿਯੁਰਿਟੀਜ਼ ਐਕਸਚੇਂਜ ਬੋਰਡ ਆਫ ਇੰਡੀਆ (ਐਸਈਬੀਆਈ)
5. ਸਟੱਕ ਐਕਸਚੇਂਜ ਦੇ ਅਧਿਕ੍ਰਿਤ ਪ੍ਰਤਿਨਿਧੀ
6. ਆਡੀਟਰ, ਮਾਹਰ ਸਲਾਹਕਾਰ
7. ਤੀਜੀ ਪਾਰਟੀ ਸਰਵਿਸ ਪ੍ਰਦਾਤਾ ਜਿਨ੍ਹਾਂ ਨਾਲ ਬੈਂਕ ਦੇ 'ਸੇਵਾਵਾਂ / ਪ੍ਰੋਡਕਟਸ' ਦਾ ਕਾਨੂੰਨੀ ਠੇਕਾ ਅਮਲ ਵਿੱਚ ਲਿਆਉਂਦਾ ਹੈ ਅਤੇ ਜਿਨ੍ਹਾਂ ਨੂੰ ਜਾਣਕਾਰੀ
   ਵੇਖਣ ਦੀ ਲੋੜ ਹੋਵੇਗੀ
8. ਹੋਰ ਕੋਈ ਕਾਨੂੰਨੀ ਵਜੂਦ / ਅਧਿਕ੍ਰਿਤ ਵਿਅਕਤੀ ਜਿਸ ਨੂੰ ਐਸੀ ਜਾਣਕਾਰੀ ਲੈਣ ਦਾ ਅਧਿਕਾਰ ਹੋਵੇ
9. ਕ੍ਰੈਡਿਟ ਇਨਫਾਰਮੇਸ਼ਨ ਬਿਯੁਰੋ ਜਿਸ ਵਿੱਚ ਸ਼ਾਮਲ ਹੈ, ਪਰ ਸੀਮਤ ਨਹੀਂ, ਸੀਆਈਬੀਆਈਐਲ

16. ਆਨ ਨਿਯਮ ਅਤੇ ਸ਼ਰਤਾਂ

ਬੈਂਕ ਨੂੰ ਬਿਨਾ ਸ਼ਰਤ ਅਧਿਕਾਰ ਹੈ ਕਿ ਉਹ ਰਿਣ /ਸਹੂਲਤ ਦੀ ਮਿਆਦ ਦੇ ਸਮੇਂ ਦੌਰਾਨ ਕਿਸੇ ਵੀ ਸਮੇਂ, ਕਰਜ਼ਦਾਰ ਨੂੰ ਕੋਈ ਨੋਟਿਸ ਬਿਨਾਂ, ਕਿਸੇ ਵੀ ਕਾਰਣ ਲਈ ਰਿਣ / ਸਹੂਲਤ ਦੇ ਨਾ-ਕੱਢੇ, ਨਾ-ਵਰਤੇ / ਨਾ-ਪ੍ਰਾਪਤ ਕੀਤੇ ਹਿੱਸੇ ਨੂੰ ਰੱਦ ਕਰ ਸਕਦਾ ਹੈ।

ਵਿਆਜ / ਚਾਰਜੇਸ / ਕਿਸ਼ਤਾਂ ਦੇ ਭੁਗਤਾਨ ਨਾ ਕਰਨ ਦੇ ਸੰਬੰਧ ਵਿੱਚ ਕੋਈ ਵੀ ਵਾਧੂ ਪੈਸਾ ਕੱਢੇ ਜਾਣ ਜਾਂ ਬੇਕਾਇਦਗੀ ਉਪਰ ਕਰਜ਼ਦਾਰ ਵਲੋਂ ਸਵੀਕਾਰ ਮੰਜ਼ੂਰੀ ਪੱਤਰ ਵਿੱਚ ਦੱਸੇ ਲਾਗੂ ਦਰ 'ਤੇ ਦੰਡਮਈ ਵਿਆਜ ਲੱਗੇਗਾ।

ਸਾਰੇ ਕਾਨੂੰਨੀ, ਦਸਤਾਵੇਜ਼ੀ, ਮੁਆਇਨਾ, ਮੁੱਲ ਨਿਰਧਾਰਨ ਦੇ ਖਰਚ ਅਤੇ ਹੋਰ ਇਤਫ਼ਾਕੀਆ ਖਰਚ ਕਰਜ਼ਦਾਰ ਵਲੋਂ ਅਸਲ ਮੁੱਲ ਤੇ ਭਰੇ ਜਾਣਗੇ।

ਬੈਂਕ ਨੂੰ ਅਧਿਕਾਰ ਹੋਵੇਗੀ ਕਿ ਉਹ ਸਾਰੇ ਸਮੇਂ ਕਰਜ਼ਦਾਰ ਦੇ ਖਾਤੇ ਦੀਆਂ ਵਹੀਆਂ ਦਾ ਮੁਆਇਨਾ ਕਰੇ ਅਤੇ ਸਮੇਂ ਸਮੇਂ ਤੇ ਹੇਠ ਲਿਖਤ ਵਲੋਂ ਸਾਈਟ ਦਾ ਮੁਆਇਨਾ ਕਰਾਵੇ: ਬੈਂਕ ਦੇ ਆਫਿਸਰ ਅਤੇ / ਜਾਂ ਯੋਗ ਆਡੀਟਰ ਅਤੇ / ਜਾਂ ਤਕਨੀਕੀ ਮਾਹਰ ਅਤੇ / ਜਾਂ ਬੈਂਕ ਦੇ ਪਸੰਦ ਦੇ ਮੈਨੇਜਮੇਂਟ ਸਲਾਹਕਾਰ।

ਬੈਂਕ ਦਾ ਅਧਿਕਾਰ ਰਾਖਵਾਂ ਹੈ ਕਿ ਹੇਠ ਲਿਖਤ ਕਾਰਣਾਂ ਲਈ ਬਿਨਾ ਕੋਈ ਨੋਟਿਸ ਦਿੱਤੇ ਸਹੂਲਤ ਨੂੰ ਬੰਦ ਕਰੇ ਅਤੇ ਕੋਈ ਵੀ ਭੁਗਤਾਨ ਨੂੰ ਰੋਕੇ / ਬੰਦ ਕਰੇ: ਇੱਥੇ ਦੱਸੇ ਅਤੇ ਸਮੇਂ ਸਮੇਂ ਤੇ ਬਣਾਏ ਨਿਯਮ ਅਤੇ ਸ਼ਰਤਾਂ ਦੇ ਨਾ-ਪਾਲਣ / ਉਲੰਘਣਾ ਦੇ ਮਾਮਲੇ, ਨਾਲ ਹੀ ਜੇ ਢੁੱਕਵੇਂ ਦਸਤਾਵੇਜ਼ਾਂ ਵਿੱਚ ਜਾਂ ਸਾਨੂੰ ਦਿੱਤੀ ਜਾਣਕਾਰੀ / ਵੇਰਵਾ ਗਲਤ ਪਾਇਆ ਜਾਂਦਾ ਹੈ ਜਾਂ ਕੋਈ ਵੀ ਗਤੀਵਿਧੀ ਜਾਂ ਅਵਸਥਾਵਾਂ ਦੇ ਮਾਮਲੇ ਵਿੱਚ ਜਿੱਥੇ ਬੈਂਕ ਨੂੰ ਲੱਗਦਾ ਹੈ ਕਿ ਐਸਾ ਜਾਰੀ ਰਹਿਣਾ ਜਾਂ ਭੁਗਤਾਨ ਦੇ ਕਾਰਣ ਉਸ ਦੇ ਹਿਤ ਵਿੱਚ ਪੱਖਪਾਤੀ ਅਸਰ ਪੈਂਦਾ ਹੈ।

ਕ੍ਰੈਡਿਟ ਸਹੂਲਤਾਂ ਦੀ ਜਦੋਂ ਭਰਣ ਦੀ ਵਾਰੀ ਹੈ / ਦੇਣ ਯੋਗ ਤਾਰੀਖਾਂ ਤੇ ਵਿਆਜ ਦਾ ਭੁਗਤਾਨ ਜਦੋਂ ਭਰਣਾ ਹੈ ਇਸ ਵਿੱਚ ਕਰਜ਼ਦਾਰ ਵਲੋਂ ਭੁਗਤਾਨ ਦੇ ਨਾ ਭਰੇ ਜਾਣ ਦੇ ਮਾਮਲੇ ਵਿੱਚ ਬੈਂਕ ਨੂੰ ਅਧਿਕਾਰ ਹੋਵੇਗਾ ਕਿ ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਦੇ ਨਾਲ ਕਰਜ਼ਦਾਰ ਅਤੇ ਉਹਨਾਂ ਦੇ ਡਾਇਰੈਕਟਰਸ ਦੇ ਨਾਂ ਸਾਂਝੇ ਕਰ ਸਕੇ।

ਇਹਨਾਂ ਨਿਯਮ ਅਤੇ ਸ਼ਰਤਾਂ ਨੂੰ ਸਵੀਕਾਰ ਕਰ ਕੇ, ਕਰਜ਼ਦਾਰ / ਗਾਰੰਟਰ ਬੈਂਕ ਅਤੇ / ਜਾਂ ਆਰਬੀਆਈ ਨੂੰ ਆਪਣੀ ਸਹਿਮਤੀ ਦੇ ਰਹੇ ਹਨ ਕਿ ਉਹ ਐਸੇ ਢੰਗ ਨਾਲ ਅਤੇ ਐਸੀ ਮਾਧਿਅਮ ਰਾਹੀਂ ਉਹਨਾਂ ਦੇ ਨਾਂ (ਕਰਜ਼ਦਾਰ ਅਤੇ ਗਾਰੰਟਰ) ਡਿਫੌਲਟਰ ਦੇ ਤੌਰ ਤੇ ਪ੍ਰਕਾਸ਼ਿਤ ਕਰਨ ਜੋ ਉਹਨਾਂ ਦੇ ਵਿਵੇਕ ਮੁਤਾਬਕ ਯੋਗ ਹੋਵੇ। ਮਾਮਲੇ ਦੇ ਮੁਤਾਬਕ, ਬੈਂਕ ਨੂੰ ਉਪ੍ਰੋਕਤ ਅਧਿਕਾਰ ਰਿਣ ਇਕਰਾਰਨਾਮਾ ਜਾਂ ਆਮ ਸ਼ਰਤਾਂ ਹੇਠ ਹੋਰ ਉਪਲਬਧ ਅਧਿਕਾਰਾਂ ਦੇ ਨਾਲ ਨਾਲ ਮਿਲੇਗਾ ਨਾ ਕਿ ਉਹਨਾਂ ਦੀ ਨਿਕਦਰੀ 'ਤੇ।

ਕਰਜ਼ਦਾਰ ਨੇ ਗਾਰੰਟਰਸ ਨੂੰ ਪਰਤੱਖ ਜਾਂ ਅ-ਪਰਤੱਖ ਤੌਰ ਤੇ ਕਮੀਸ਼ਨ, ਬ੍ਰੋਕਰੇਜ, ਫੀਸ ਦੇ ਰੂਪ ਵਿੱਚ ਜਾਂ ਕਿਸੇ ਵੀ ਹੋਰ ਢੰਗ ਨਾਲ ਕੋਈ ਵੀ ਭੁਗਤਾਨ ਨਹੀ ਕਰਨਾ ਹੈ।

ਕਰਜ਼ ਦੀ ਵਰਤੋਂ ਉਸ ਮਕਸਦ ਲਈ ਹੋਵੇ ਜਿਸ ਲਈ ਉਸ ਨੂੰ ਮੰਜ਼ੂਰੀ ਮਿਲੀ ਹੈ ਅਤੇ ਇਸ ਨੂੰ ਇਹਨਾਂ ਲਈ ਨਾ ਵਰਤਿਆ ਜਾਵੇ (ੳ) ਸ਼ੇਅਰਸ / ਡਿਬੈਂਚਰਸ ਦੀ ਖਰੀਦਾਰੀ ਲਈ ਸਬਸਕ੍ਰਿਪਸ਼ਨ (ਅ) ਸਹਿਕਾਰੀ ਕੰਪਨੀਆਂ / ਸਹਿਕਾਰੀਆਂ ਤੱਕ ਰਿਣ ਫੈਲਾਉਣਾ ਜਾਂ ਇੰਟਰ-ਕਾਰਪੋਰੇਟ ਜਮ੍ਹਾ ਪੂੰਜੀ ਕਰਨ ਲਈ। (ਸੀ) ਕੋਈ ਵੀ ਕਾਲਪਨਿਕ ਮਕਸਦਾਂ ਦੇ ਲਈ।

ਐਸਾ ਮੰਨਿਆ ਜਾਵੇਗਾ ਕਿ ਕਰਜ਼ਦਾਰ ਅਤੇ ਗਾਰੰਟਰਾਂ ਨੇ ਉਹਨਾਂ ਵਲੋਂ ਬੈਂਕ ਨੂੰ ਆਪਣੀ ਦਿੱਤੀ ਜਾਣਕਾਰੀ ਅਤੇ ਅੰਕੜੇ ਸਾਂਝੀ ਕਰਨ ਦੀ ਸਹਿਮਤੀ ਦਿੱਤੀ ਹੈ, ਨਾਲ ਹੀ ਕ੍ਰੈਡਿਟ ਇਨਫਾਰਮੇਸ਼ਨ ਬਿਯੂਰੋ (ਭਾਰਤ) ਲਿ. (ਸੀਆਈਬੀਆਈਐਲ) ਜਾਂ ਆਰਬੀਆਈ ਜਾਂ ਹੋਰ ਕੋਈ ਵੀ ਏਜੰਸੀ ਜੋ ਜਾਣਕਾਰੀ ਨੂੰ ਹਾਸਿਲ ਅਤੇ ਪ੍ਰਕਾਸ਼ਿਤ ਕਰਨ ਦੇ ਅਧੀਕ੍ਰਿਤ ਹੋਣ, ਇਹਨਾਂ ਨੂੰ ਕਰਜ਼ਦਾਰ ਵਲੋਂ ਲਈ ਗਈ ਕ੍ਰੈਡਿਟ ਸਹੂਲਤ(ਾਂ) ਸੰਬੰਧਿਤ ਜਾਣਕਾਰੀ ਅਤੇ ਅੰਕੜੇ, ਖਾਤਿਆਂ ਦਾ ਰੱਖਿਆ ਜਾਣਾ ਅਤੇ ਗਾਰੰਟਰਾਂ ਵਲੋਂ ਲਈਆਂ ਗਈਆਂ ਗਾਰੰਟੀ ਦੀ ਜੁੰਮੇਵਾਰੀ।

ਬੈਂਕ ਕ੍ਰੈਡਿਟ ਸਹੂਲਤ(ਾਂ) ਦੀ ਮੌਜੂਦਗੀ ਦੇ ਦੌਰਾਨ, ਬੈਂਕ ਕੋਲੋਂ ਲਿਖਤੀ ਰੂਪ ਵਿੱਚ ਪਹਿਲਾਂ ਇਜਾਜ਼ਤ ਲਏ ਬਿਨਾ ਗਾਹਕ ਇਹ ਕੁੱਝ ਨਹੀਂ ਕਰੇਗਾ:
(ੳ) ਕਿੱਸੇ ਹੋਰ ਬੈਂਕ, ਆਰਥਿਕ ਸੰਸਥਾਵਾਂ ਕਰਜ਼ਦਾਰ ਜਾਂ ਹੋਰ ਦੇ ਨਾਲ ਕੋਈ ਵੀ ਨਵੇਂ ਉਧਾਰ ਪ੍ਰਬੰਧ ਨੂੰ, ਸਿਕਯੋਰ ਜਾਂ ਨਾ-ਸਿਯਯੋਰ, ਬੰਦ ਕਰਨਾ, ਸਾਡੇ ਵਲੋਂ ਪਹਿਲਾਂ ਦੀ ਮੰਜ਼ੂਰੀ ਦੇ ਬਿਨਾ ਬੈਂਕ ਨੂੰ ਪੇਸ਼ ਫਿਕਸਡ ਐਸੇਟਸ ਅਤੇ ਕੋਲੈਟੇਰਲ ਉਪਰ ਕੋਈ ਹੋਰ ਚਾਰਜ ਨਹੀਂ ਪੈਦਾ ਕਰਨਾ;
(ਅ) ਕਿਸੇ ਹੋਰ ਵਪਾਰ ਸੰਸਥਾ ਦੇ ਨਾਲ ਸ਼ੇਅਰ ਕੈਪੀਟਲ ਵਿੱਚ ਨਿਵੇਸ਼ ਕਰਨਾ ਜਾਂ ਪੈਸੇ ਉਧਾਰ ਜਾਂ ਐਡਵਾਂਸ ਦੇਣਾ ਜਾਂ ਉਸ ਵਿੱਚ ਜਮ੍ਹਾ ਪੂੰਜੀ ਰਖਣਾ (ਸਧਾਰਨ ਵਪਾਰ ਕ੍ਰੈਡਿਟ ਜਾਂ ਵਪਾਰ ਦੀ ਸਧਾਰਨ ਮਿਆਦ ਵਿੱਚ ਸਿਕਿਯੁਰਿਟੀ ਡਿਪਾਜ਼ਿਟ ਜਾਂ ਮੁਲਾਜ਼ਮਾਂ ਨੂੰ ਐਡਵਾਂਸ, ਐਪਰ, ਦਿੱਤੇ ਜਾ ਸਕਦੇ ਹਨ);
ਉਪ੍ਰੋਕਤ ਚੀਜ਼ ਦੇ ਨਾਲ, ਬੈਂਕ ਕੋਲੋਂ ਲਿਖਤੀ ਰੂਪ ਵਿੱਚ ਪਹਿਲਾਂ ਇਜਾਜ਼ਤ ਲਏ ਬਿਨਾ ਕਰਜ਼ਦਾਰ ਇਹ ਕੁੱਝ ਨਹੀਂ ਕਰੇਗਾ: (ੳ) ਕਿਸੇ ਹੋਰ ਕਰਜ਼ਦਾਰ ਦੇ ਨਾਲ ਮਿਸ਼ਰਨ ਦੀ ਯੋਜਨਾ ਬਣਾਉਣੀ, ਕਿਸੇ ਹੋਰ ਕਰਜ਼ਦਾਰ ਨੂੰ ਲੈਣਾ; (ਅ) ਕਿਸੇ ਹੋਰ ਕਰਜ਼ਦਾਰ ਜਾਂ ਕਿਸੀ ਤੀਜੀ ਪਾਰਟੀ ਦੇ ਤਰਫੋਂ ਗਾਰੰਟੀ ਦੀਆਂ ਦੇਣਦਾਰੀਆਂ ਦੀ ਵਚਨਬਧੀ ਕਰਨਾ; (ੲ) ਰਿਣ ਅਤੇ ਜਮ੍ਹਾ ਪੂੰਜੀ ਦਾ ਕੋਈ ਭੁਗਤਾਨ ਕਰਨਾ ਅਤੇ ਸਮੇਂ ਸਮੇਂ ਤੇ ਪੇਸ਼ ਫੰਡਸ ਫਲੋ ਸਟੇਟਮੇਂਟ ਵਿੱਚ ਵਿਖਾਏ ਦੇ ਇਲਾਵਾ ਦੂਸਰੀਆਂ ਦੇਣਦਾਰੀਆਂ ਦਾ ਕੰਮ ਪੂਰਾ ਕਰਨਾ। (ਸ) ਉਹਨਾਂ ਦੀ ਮੈਨੇਜਮੇਂਟ ਸੈਟ-ਅੱਪ ਵਿੱਕ ਕੋਈ

ਬਦਲ ਕਰਨਾ. (ਹ) ਫਰਮ ਦੀ ਜਾਇਦਾਦ ਦੀ ਵਿਕਰੀ / ਟ੍ਰਾਂਸਫਰ / ਗਿਰਵੀ ਰੱਖਣਾ। (ਕ) ਵਾਧੇ ਦੀ ਯੋਜਨਾ ਦਾ ਅਮਲ ਕਰਨਾ ਜਾਂ ਅਹਿਮ ਕੀਮਤ ਦੇ ਫਿਕਸਡ ਅਸੈਟਸ ਪ੍ਰਾਪਤ ਕਰਨੇ।

ਬੈਂਕ ਕਿਸੀ ਤੀਜੀ ਪਾਰਟੀ/ਪਾਰਟੀਆਂ ਨੂੰ ਸਹੂਲਤਾਂ (ਜਾਂ ਉਸ ਦਾ ਹਿੱਸਾ / ਹਿੱਸੇ) ਸਪੁਰਦ ਜਾਂ ਟ੍ਰਾਂਸਫਰ ਕਰ ਸਕਦਾ ਹੈ ਅਤੇ ਜਿਸ ਦੇ ਬਾਅਦ ਬੈਂਕ ਕਰਜ਼ਦਾਰ ਦੀ ਪਹਿਲਾਂ ਲਿਖਤੀ ਸਹਿਮਤੀ ਦੇ ਬਿਨਾ, ਦਸਤਾਵੇਜ਼ਾਂ ਹੇਠ ਸਾਰੇ ਜਾਂ ਕੁੱਝ ਹੱਕਾਂ ਨਾਲ ਇੱਥੇ ਬਣੀ ਸਿਕਿਉਰਿਟੀ ਨੂੰ ਸਪੁਰਦ ਕਰਨ ਲਈ ਅਧਿਕ੍ਰਿਤ ਹੋਵੇਗਾ।

ਬੈਂਕ ਨੂੰ ਅਧਿਕਾਰ ਹੋਵੇਗਾ ਕਿ ਕਰਜ਼ਦਾਰ ਦੇ ਸੰਪਰਕ ਦੇ ਨਾਲ ਜਾਂ ਉਸ ਦੇ ਬਿਨਾ, ਇਸ ਮੰਜ਼ੂਰੀ ਦੇ ਕੁੱਝ / ਸਾਰੇ ਨਿਯਮ ਅਤੇ ਸ਼ਰਤਾਂ ਵਿੱਚ ਬਦਲ / ਤਬਦੀਲੀ ਕਰ ਸਕੇ।
ਇਹਨਾਂ ਨਿਯਮ ਅਤੇ ਸ਼ਰਤਾਂ ਦੇ ਦੇਸੀ ਭਾਸ਼ਾ ਦੇ ਸੰਸਕਰਣ ਦੇ ਲਈ, ਕਿਰਪਾ ਕਰ ਕੇ ਸਾਡੀ ਆਫਿਸ਼ਿਅਲ ਵੈਬਸਾਈਟ ਵੇਖੋ।

ਇੰਡਸਇੰਡ ਬੈਂਕ
ਆਈਬੀਐਲ ਹਾਉਜ਼, 3ਰੀ ਮੰਜ਼ਿਲ, ਕ੍ਰਾਸ ਬੀ ਰੋਡ, ਐਮਆਈਡੀਸੀ, ਜੇ.ਬੀ. ਨਗਰ,
ਅੰਧੇਰੀ ਕੁਰਲਾ ਰੋਡ ਨੇੜੇ, ਅੰਧੇਰੀ (ਪੂਰਬ), ਮੁੰਬਈ 400059. ਭਾਰਤ
ਫੋਨ ਬੈਂਕਿੰ ਨੰਬਰ: 1800-500-5004 (ਭਾਰਤ ਵਿੱਚ)
ਸਾਡੀ ਵੈਬਸਾਈਟ ਵੇਖੋ: www.indusind.com